


ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post




To view our online newspaper visit **punjabipost.ca/epaper** | Vol 24* Issue 134 | Wednesday, 24 July 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਇੰਗਲਿਸ਼ ਬੇ ਵਿੱਚ ਇਕ ਹੋਰ ਔਰਤ ਮ੍ਰਿਤਕ ਮਿਲੀ

ਵੈਨਕੂਵਰ, 23 ਜੁਲਾਈ (ਪੋਸਟ ਬਿਊਰੋ): ਸੋਮਵਾਰ ਨੂੰ ਵੈਂਕੂਵਰ ਦੇ ਤੱਟੀ ਖੇਤਰ ਵਿਚ ਇੱਕ ਔਰਤ ਦੀ ਲਾਸ਼ ਮਿਲੀ। ਕਿਟਸਿਲਾਨੋ ਯਾਟ ਕਲੱਬ ਕੋਲ ਇੱਕ ਮ੍ਰਿਤਕ ਔਰਤ ਮਿਲਣ ਤੋਂ ਬਾਅਦ ਦੁਪਹਿਰ 1:30 ਵਜੇ ਦੇ ਆਸਪਾਸ ਪੁਲਿਸ ਅਤੇ ਕੋਰੋਨਰ ਨੂੰ ਬੁਲਾਇਆ ਗਿਆ।

ਵੈਂਕੂਵਰ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੇਂਟ ਸਟੀਵ ਏਡੀਸਨ ਨੇ ਇੱਕ ਨੇ ਦੱਸਿਆ ਕਿ ਉਸ ਦੀ ਮੌਤ ਦੇ ਕਾਰਨ ਬਾਰੇ ਹਾਲੇ ਕੁਝ ਵੀ ਕਹਿਣਾ ਸੰਭਵ ਨਹੀਂ ਅਤੇ ਇਹ ਹਾਲੇ ਤੱਕ ਪਤਾ ਨਹੀਂ ਲੱਗਾ ਹੈ ਕਿ ਉਸਦੀ ਮੌਤ ਕਿਸੇ ਅਪਰਾਧ ਦਾ ਹਿੱਸਾ ਹੈ



ਜਾਂ ਨਹੀਂ।

ਜਾਂਚਕਰਤਾ ਇਹ ਨਿਰਧਾਰਤ ਕਰਨ ਲਈ ਕੰਮ ਕਰ ਰਹੇ ਹਨ ਕਿ ਕੀ ਇਹ ਮੌਤ ਕਿਸੇ ਹੋਰ ਔਰਤ ਦੀ ਮੌਤ ਦੀ ਜਾਂਚ ਨਾਲ ਜੁੜੀ ਹੈ। ਐਤਵਾਰ ਸਵੇਰੇ ਸਨਸੇਟ ਬੀਚ ਕੋਲ ਪਾਣੀ ਵਿੱਚ ਇੱਕ ਔਰਤ ਮ੍ਰਿਤਕ ਮਿਲੀ ਸੀ। ਦੋਨਾਂ ਔਰਤਾਂ ਦੀ ਪਹਿਚਾਣ ਨਹੀਂ ਹੋ ਸਕੀ ਹੈ।

## ਟਰੂਡੋ, ਫਰੀਲੈਂਡ ਅਤੇ ਜਗਮੀਤ ਸਿੰਘ ਨੂੰ ਜਾਨੋਂ ਮਾਰਨੇ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਦੋ ਵਿਅਕਤੀ ਦੋਸ਼ੀ ਪਾਏ ਗਏ

ਐਡਮੈਂਟਨ, 23 ਜੁਲਾਈ (ਪੋਸਟ ਬਿਊਰੋ): ਐਡਮੈਂਟਨ ਅਤੇ ਕੈਲਗਰੀ ਦੇ ਲੋਕਾਂ 'ਤੇ ਕੈਨੇਡਾ ਦੇ ਕੁੱਝ ਸਰਕਾਰੀ ਨੇਤਾਵਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ ਲੱਗਾ ਹੈ ।

10 ਮਈ ਨੂੰ ਮਾਉਂਟੀਜ ਨੂੰ ਸੋਸ਼ਲ ਮੀਡਿਆ ਪਲੇਟਫਾਰਮ ਐਕਸ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਜਾਨੋਂ ਮਾਰਨੇ ਦੀ ਧਮਕੀ ਬਾਰੇ ਚੌਕਸ ਕੀਤਾ ਗਿਆ ਸੀ।

23 ਸਾਲਾ ਕੈਲਗਰੀ ਨਿਵਾਸੀ ਮੇਸਨ ਜਾਨ ਬੇਕਰ 'ਤੇ 6 ਜੂਨ ਨੂੰ



ਅਪਰਾਧਿਕ ਸੰਹਿਤਾ ਦੀ ਧਾਰਾ 264.1(1) (ਏ) ਦੇ ਉਲਟ ਕਿਸੇ ਵਿਅਕਤੀ ਨੂੰ ਧਮਕੀ ਦੇਣ ਦਾ ਦੋਸ਼ ਲਗਾਇਆ ਗਿਆ ਸੀ।

ਇੱਕ ਅਲੱਗ ਜਾਂਚ ਵਿੱਚ ਮਾਉਂਟੀਜ ਨੂੰ 7 ਜੂਨ ਨੂੰ ਪਤਾ ਚੱਲਿਆ ਕਿ ਯੂਟਿਊਬ ਉਪਯੋਗਕਰਤਾ ਗੈਰੀ ਬੇਲਜੇਵਿਕ (67) ਨੇ ਟਰੂਡੋ, ਉਪ ਪ੍ਰਧਾਨ ਮੰਤਰੀ ਕ੍ਰੀਸਟੀਆ ਫਰੀਲੈਂਡ ਅਤੇ ਐੱਨਡੀਪੀ ਦੇ ਨੇਤਾ ਜਗਮੀਤ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਪੋਸਟ ਕੀਤੀ ਸੀ। ਐਡਮੈਂਟਨ ਦੇ ਬੇਲਜੇਵਿਕ 'ਤੇ 13 ਜੂਨ ਨੂੰ ਬੇਕਰ ਦੇ ਸਮਾਨ ਦੋਸ਼ ਦੇ ਤਿੰਨ ਮਾਮਲਿਆਂ ਵਿੱਚ ਦੋਸ਼ ਲਗਾਇਆ ਗਿਆ ਸੀ। ਬੇਕਰ ਅਤੇ ਬੇਲਜੇਵਿਕ ਦੋਵੇਂ ਇਸ ਹਫ਼ਤੇ ਆਪਣੇ-ਆਪਣੇ ਸ਼ਹਿਰਾਂ ਵਿੱਚ ਅਦਾਲਤ 'ਚ ਪੇਸ਼ ਹੋਣਗੇ।

## ਨਾਰਥ ਯਾਰਕ 'ਚ ਟੋਰਾਂਟੋ ਪੁਲਿਸ ਕਰੂਜਰ ਅਤੇ ਏਟੀਵੀ ਵਿਚਕਾਰ ਹੋਏ ਹਾਦਸੇ ਦੀ ਐੱਸ.ਆਈ.ਯੂ. ਕਰ ਰਹੀ ਜਾਂਚ

ਟੋਰਾਂਟੋ, 23 ਜੁਲਾਈ (ਪੋਸਟ ਬਿਊਰੋ): ਸੋਮਵਾਰ ਦੇਰ ਰਾਤ ਨਾਰਥ ਯਾਰਕ ਵਿੱਚ ਟੋਰਾਂਟੋ ਪੁਲਿਸ ਕਰੂਜਰ ਅਤੇ ਏਟੀਵੀ ਵਿੱਚਕਾਰ ਹੋਈ ਦੁਰਘਟਨਾ ਦੀ ਜਾਂਚ ਸੂਬਾ ਪੁਲਿਸ ਵਾਚਡੌਗ ਕਰ ਰਹੀ ਹੈ। ਇਹ ਘਟਨਾ ਰਾਤ ਕਰੀਬ 10 ਵਜੇ ਸ਼ੇਪਰਡ ਏਵੇਨਿਊ ਵੇਸਟ ਦੇ ਦੱਖਣ ਵਿੱਚ ਜੇਨ ਸਟਰੀਟ ਅਤੇ ਗਿਲਟਸਪੁਰ ਡਰਾਈਵ ਕੋਲ ਹੋਈ। ਪੁਲਿਸ ਅਨੁਸ-ਾਰ, ਇਸ ਵਿੱਚ ਸ਼ਾਮਿਲ ਵਾਹਨਾਂ ਵਿਚੋਂ ਇੱਕ ਏਟੀਵੀ ਸੀ।

ਟੋਰਾਂਟੋ ਫਾਇਰ ਨੇ ਕਿਹਾ ਕਿ ਇੱਕ



ਵਿਅਕਤੀ ਨੂੰ ਵਾਹਨ ਦੇ ਹੇਠੋਂ ਕੱਢਿਆ ਗਿਆ ਅਤੇ ਉਸਨੂੰ ਪੈਰਾਮੇਡਿਕਸ ਦੀ ਦੇਖ-ਰੇਖ ਵਿੱਚ ਲਿਜਾਇਆ ਗਿਆ। ਪੈਰਾਮੇਡਿਕਸ ਅਨੁਸਾਰ ਉਸ ਵਿਅਕਤੀ ਨੂੰ ਗੰਭੀਰ ਸੱਟਾਂ ਨਾਲ ਟਰਾਮਾ ਸੈਂਟਰ ਲਿਜਾਇਆ ਗਿਆ। ਇੱਕ ਹੋਰ ਵਿਅਕਤੀ ਨੂੰ ਮਾਮੂਲੀ ਸੱਟਾਂ ਦੇ ਚਲਦੇ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਟੱਕਰ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ।





















## ਅੱਜ ਨਾਮਾ

ਕਰਿਆ ਕੇਂਦਰ ਸਰਕਾਰ ਜਾਂ ਪੇਸ਼ ਬੱਜਟ,
ਪੜ੍ਹ ਕੇ ਵੇਖ ਲਿਆ ਪੂਰਾ ਈ ਸਾਰ ਬੇਲੀ।
ਵਰਗ ਕਿਸੇ ਨੂੰ ਕੀਤਾ ਕੁਝ ਖੁਸ਼ ਲੱਗਦਾ,
ਕਿਸੇ ਹੋਰ ਥਾਂ ਪਾਇਆ ਫਿਰ ਭਾਰ ਬੇਲੀ।
ਮਿੱਤਰ ਮੋਦੀ ਦੇ ਆਖਣ ਕਿ ਬਹੁਤ ਚੰਗਾ,
ਕਦੇ ਵੀ ਗਲਤ ਨਾ ਕਹਿਣਗੇ ਯਾਰ ਬੇਲੀ।
ਧਿਰ ਵਿਰੋਧ ਦੀ ਆਖੂ ਇਹ ਗਲਤ ਪੂਰਾ,
ਕਰ ਲੈਣ ਲੋਕ ਫਿਰ ਆਪ ਵਿਚਾਰ ਬੇਲੀ।
ਵੇਖਿਆ ਰਸਮ ਤੋਂ ਵੱਧ ਨਹੀਂ ਕਦੀ ਬੱਜਟ,
ਗੱਡੀ ਮੂਹਰੇ ਕੁਝ ਖਾਸ ਨਹੀਂ ਰਿੜ੍ਹੀ ਬੇਲੀ।
ਦੱਸਦਾ ਮੀਟਰ ਸਪੀਡ ਪਿਆ ਤੇਜ਼ ਬਹੁਤੀ,
ਪਹੀਆ ਓਥੇ ਹੀ ਜਾਵੇ ਪਿਆ ਗਿੜੀ ਬੇਲੀ।

**ਤੀਸ ਮਾਰ ਖਾਂ**

# ਟੋਰਾਂਟੋ ਦੀ ਔਰਤ ’ਤੇ ਮਾਲਿਸ਼ ਦੌਰਾਨ ਤਸਵੀਰਾਂ ਲੈਣ ਤੋਂ ਬਾਅਦ ਗੁਪਤ ਰੂਪ ਤੋਂ ਦੇਖਣ ਦਾ ਦੋਸ਼



ਟੋਰਾਂਟੋ, 23 ਜੁਲਾਈ (ਪੋਸਟ ਬਿਊਰੋ): ਪੁਲਿਸ ਨੇ ਦੱਸਿਆ ਹੈ ਕਿ ਟੋਰਾਂਟੋ ਦੀ ਇੱਕ ਔਰਤ ’ਤੇ ਮਾਲਿਸ਼ ਕਰਵਾ ਰਹੇ ਇੱਕ ਵਿਅਕਤੀ ਦੀਆਂ ਗੁਪਤ ਰੂਪ ਤੋਂ ਤਸਵੀਰਾਂ ਲੈਣ ਦਾ ਦੋਸ਼ ਲਗਾਇਆ ਗਿਆ ਹੈ।

ਸੋਮਵਾਰ ਨੂੰ ਪੁਲਿਸ ਨੇ ਕਿਹਾ ਕਿ ਪੀੜਤ ਐਤਵਾਰ ਨੂੰ ਲਗਭਗ 4:30 ਵਜੇ ਮਾਲਿਸ਼ ਲਈ ਬੇ ਸਟਰੀਟ ਅਤੇ ਗੇਰਾਰਡ ਸਟਰੀਟ ਵੇਸਟ ਦੇ ਇਲਾਕੇ ਵਿੱਚ ਸੀ।

ਪੁਲਿਸ ਨੇ ਕਿਹਾ ਕਿ ਮਾਲਿਸ਼ ਦੌਰਾਨ ਪੀੜਤ ਨੇ ਵੇਖਿਆ ਕਿ ਸ਼ੱਕੀ ਉਸ ਦੀਆਂ ਤਸਵੀਰਾਂ ਲੈ ਰਹੀ ਸੀ।

ਪੁਲਿਸ ਨੇ ਉਸ ਪੇਸ਼ੇ ਦੀ ਪਹਿਚਾਣ ਨਹੀਂ ਕੀਤੀ, ਜਿੱਥੇ ਘਟਨਾ ਹੋਈ, ਪਰ ਦੱਸਿਆ ਕਿ ਟੋਰਾਂਟੋ ਦੀ 52 ਸਾਲਾ ਜਿਉਹੁਆ ਲੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ’ਤੇ ਗੁਪਤ ਰੂਪ ਤੋਂ ਦੇਖਣ ਦਾ ਚਾਰਜਿਜ ਲਗਾਇਆ ਗਿਆ।

ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਹੋਰ ਵੀ ਪੀੜਤ ਹੋ ਸਕਦੇ ਹਨ। ਲੂ ਨੂੰ ਸੋਮਵਾਰ ਨੂੰ ਟੋਰੰਟੋ ਕੋਰਟਰੂਮ ਵਿਚ ਦੋਸ਼ ਦਾ ਜਵਾਬ ਦੇਣ ਲਈ ਪੇਸ਼ ਹੋਣਾ ਹੈ।

# ਨਿਊਜ਼ੀਲੈਂਡ ਵੱਲੋਂ ਕੈਨੇਡਾ ਸਾਕਰ ’ਤੇ ਜਾਸੂਸੀ ਦਾ ਦੋਸ਼, ਕੈਨੇਡੀਅਨ ਓਲੰਪਿਕ ਕਮੇਟੀ ਨੇ ਮੰਗੀ ਮੁਆਫੀ



ਓਟਵਾ, 23 ਜੁਲਾਈ (ਪੋਸਟ ਬਿਊਰੋ): ਨਿਊਜ਼ੀਲੈਂਡ ਮਹਿਲਾ ਕਲੱਬ ਵੱਲੋਂ ਕੈਨੇਡਾ ਦੀ ਮਹਿਲਾ ਟੀਮ ’ਤੇ ਅਭਿਆਸ ਸੈਸ਼ਨ ਦੌਰਾਨ ਜਾਸੂਸੀ ਕਰਨ ਦਾ ਦੋਸ਼ ਲਗਾਉਣ ਤੋਂ ਬਾਅਦ ਕੈਨੇਡੀਅਨ ਓਲੰਪਿਕ ਕਮੇਟੀ (COC) ਨੇ ਮੰਗਲਵਾਰ ਨੂੰ ਨਿਊਜ਼ੀਲੈਂਡ ਫੁੱਟਬਾਲ ਤੋਂ ਮੁਆਫੀ ਮੰਗੀ ਹੈ।

ਇਹ ਘਟਨਾ ਉਦੋਂ ਹੋਈ ਜਦੋਂ ਫ਼ਰਾਂਸ ਦੇ ਸੇਂਟ-ਇਟੀਏਨ ਵਿੱਚ ਫਰਾਂਸੀਸੀ ਅਧਿਕਾਰੀਆਂ ਨੇ ਕੈਨੇਡਾ ਸਾਕਰ ਦੇ ਇੱਕ ਸਹਾਇਕ ਕਰਮਚਾਰੀ ਨੂੰ ਹਿਰਾਸਤ ਵਿੱਚ ਲਿਆ, ਜਦੋਂ ਨਿਊਜ਼ੀਲੈਂਡ ਜਿਸਨੂੰ ਫੁੱਟਬਾਲ ਫਰੰਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਵਿੱਚ ਆਧਿਕਾਰਿਕ ਸ਼ਿਕਾਇਤ ਦਰਜ ਕਰਵਾਈ। ਨਿਊਜ਼ੀਲੈਂਡ ਦਾ ਦਾਅਵਾ ਹੈ ਕਿ ਕਰਮਚਾਰੀ ਨੇ ਡਰੋਨ ਨਾਲ ਉਨ੍ਹਾਂ ਦੇ ਅਭਿਆਸ ਨੂੰ ਰਿਕਾਰਡ ਕੀਤਾ।

ਨਿਊਜ਼ੀਲੈਂਡ ਓਲੰਪਿਕ ਕਮੇਟੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਸਨੇ ਰਸਮੀ ਰੂਪ ਤੋਂ ਆਈਓਸੀ ਅਖੰਡਤਾ ਇਕਾਈ ਸਾਹਮਣੇ ਘਟਨਾ ਦਰਜ ਕਰਵਾਈ ਹੈ ਅਤੇ ਕੈਨੇਡਾ ਨੂੰ ਪੂਰਨ ਸਮੀਖਿਆ ਕਰਨ ਲਈ ਕਿਹਾ ਹੈ। COC ਨੇ ਇਹ ਵੀ ਕਿਹਾ ਕਿ ਉਹ ਆਈਓਸੀ, ਪੈਰਿਸ 2024, ਕੈਨੇਡਾ ਸਾਕਰ ਅਤੇ ਫੀਫਾ ਨਾਲ ਅਗਲੇ ਕਦਮਾਂ ਦੀ ਸਮੀਖਿਆ ਕਰ ਰਿਹਾ ਹੈ ਅਤੇ ਬੁੱਧਵਾਰ ਨੂੰ ਅੱਗੇ ਦੀ ਜਾਣਕਾਰੀ ਦੇਵੇਗਾ।

# ਲਿੰਗ ਤਬਦੀਲੀ ਦੀ ਸਰਜਰੀ ਕਤਲ ਅਤੇ ਨਸਬੰਦੀ ਵਰਗੀ : ਮਸਕ ਕਿਹਾ



ਟੇਸਲਾ ਅਤੇ ਸਪੇਸਐਕਸ ਦੇ ਮੁਖੀ ਏਲੋਨ ਮਸਕ ਨੇ ਕਿਹਾ ਹੈ ਕਿ ਲਿੰਗ ਤਬਦੀਲੀ ਦੀ ਸਰਜਰੀ ਨੇ ਉਸ ਦੇ ਪੁੱਤਰ ਨੂੰ ਉਸ ਤੋਂ ਦੂਰ ਕਰ ਦਿੱਤਾ ਹੈ। ਅਮਰੀਕੀ ਟਿੱਪਣੀਕਾਰ ਜੌਰਡਨ ਪੀਟਰਸਨ ਨਾਲ ਇੱਕ ਇੰਟਰਵਿਊ ਵਿੱਚ, ਮਸਕ ਨੇ ਕਿਹਾ ਕਿ ਲਿੰਗ ਬਦਲਣ ਦੀ ਸਰਜਰੀ ਅਸਲ ਵਿੱਚ ਇੱਕ ਬੱਚੇ ਦੀ ਹੱਤਿਆ ਅਤੇ ਨਸਬੰਦੀ ਹੈ। ਇਹ ਇੱਕ ਵਾਇਰਸ ਹੈ।

ਮਸਕ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਉਸ ਨੂੰ ਧੋਖੇ ਨਾਲ ਉਸ ਦੇ ਪੁੱਤਰ ਦਾ ਲਿੰਗ ਬਦਲਣ ਨਾਲ ਸਬੰਧਤ ਦਸਤਾਵੇਜ਼ਾਂ 'ਤੇ ਦਸਤਖਤ ਕਰਵਾਏ ਗਏ ਸਨ। ਮੈਨੂੰ ਨਹੀਂ ਪਤਾ ਸੀ ਕਿ ਕੀ ਹੋਣ ਵਾਲਾ ਸੀ। ਉਸ ਸਮੇਂ ਕੋਰੋਨਾ ਕਾਰਨ ਕਾਫੀ ਭੰਬਲਭੂਸਾ ਸੀ। ਮੈਨੂੰ ਦੱਸਿਆ ਗਿਆ ਕਿ ਮੇਰਾ ਬੇਟਾ ਖੁਦਕੁਸ਼ੀ ਕਰ ਸਕਦਾ ਹੈ।

ਆਪਣੇ ਅਨੁਭਵ ਨੂੰ ਸਾਂਝਾ ਕਰਦੇ ਹੋਏ, ਐਲੋਨ ਮਸਕ ਨੇ ਕਿਹਾ ਕਿ ਇਸ ਸਰਜਰੀ ਨੂੰ 'ਡੈੱਡਨੇਮਿੰਗ' ਕਿਹਾ ਜਾਂਦਾ ਹੈ ਕਿਉਂਕਿ ਇਹ ਅਸਲ ਵਿੱਚ ਬੱਚੇ ਨੂੰ ਮਾਰਦਾ ਹੈ। ਮੈਂ ਸਰਜਰੀ ਤੋਂ ਬਾਅਦ ਆਪਣੇ ਬੇਟੇ ਨੂੰ ਗੁਆ ਦਿੱਤਾ ਸੀ। ਉਦੋਂ ਹੀ ਮੈਂ ਇਸ ਵਾਇਰਸ ਨਾਲ ਲੜਨ ਦਾ ਫੈਸਲਾ ਕੀਤਾ ਸੀ। ਅਸੀਂ ਇਸ ’ਤੇ ਕੰਮ ਕਰ ਰਹੇ ਹਾਂ।

# ਕਮਲਾ ਹੈਰਿਸ ਨੂੰ ਰਾਸ਼ਟਰਪਤੀ ਉਮੀਦਵਾਰੀ ਲਈ 1976 ਪਾਰਟੀ ਡੈਲੀਗੇਟਾਂ ਦਾ ਮਿਲਿਆ ਸਮਰਥਨ



ਵਾਸ਼ਿੰਗਟਨ, 23 ਜੁਲਾਈ (ਪੋਸਟ ਬਿਊਰੋ): ਜੋਅ ਬਾਇਡਨ ਦੇ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਹਟਣ ਦੇ 24 ਘੰਟਿਆਂ ਅੰਦਰ, ਕਮਲਾ ਹੈਰਿਸ ਨੇ ਡੈਮੋਕ੍ਰੇਟਿਕ ਪਾਰਟੀ ਤੋਂ ਨਾਮਜ਼ਦਗੀ ਲਈ ਬਹੁਮਤ ਹਾਸਿਲ ਕਰ ਲਿਆ ਹੈ। ਨਿਊਯਾਰਕ ਟਾਈਮਜ਼ ਮੁਤਾਬਕ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਹੁਣ ਤੱਕ 4 ਹਜ਼ਾਰ 'ਚੋਂ 1976 ਡੈਲੀਗੇਟਾਂ ਦਾ ਸਮਰਥਨ ਮਿਲ ਚੁੱਕਾ ਹੈ।

1 ਤੋਂ 7 ਅਗਸਤ ਤੱਕ, ਡੈਮੋਕਰੇਟਸ ਨਾਮਜ਼ਦਗੀ ਲਈ ਪਹਿਲੇ ਗੇੜ ਦੀ ਵੋਟਿੰਗ ਕਰਨਗੇ। ਕਮਲਾ ਹੈਰਿਸ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ 2024 ਦੀ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਪਹਿਲੀ ਵਾਰ ਲੋਕਾਂ ਨੂੰ ਸੰਬੋਧਿਤ ਕੀਤਾ।

ਉਪ ਰਾਸ਼ਟਰਪਤੀ ਹੈਰਿਸ ਨੇ ਰਾਸ਼ਟਰਪਤੀ ਦੇ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਬਾਇਡਨ ਨੇ ਸਿਰਫ਼ ਚਾਰ ਸਾਲਾਂ ਵਿੱਚ ਇਨਾ ਕੰਮ ਕੀਤਾ ਹੈ ਕਿ ਕਈ ਰਾਸ਼ਟਰਪਤੀ ਦੋ ਕਾਰਜਕਾਲ ਵਿੱਚ ਪੂਰਾ ਨਹੀਂ ਕਰ ਸਕੇ। ਕਮਲਾ ਹੈਰਿਸ ਪੈਰਿਸ ਓਲੰਪਿਕ ਤੋਂ ਪਹਿਲਾਂ ਵਾਈਟ ਹਾਊਸ 'ਚ ਅਮਰੀਕੀ ਐਥਲੀਟਾਂ ਦੇ ਸਨਮਾਨ ਸਮਾਰੋਹ 'ਚ ਪਹੁੰਚੇ। ਕੋਵਿਡ ਪਾਜ਼ੇਟਿਵ ਹੋਣ ਕਾਰਨ ਬਾਇਡਨ ਮੌਕੇ 'ਤੇ ਮੌਜੂਦ ਨਹੀਂ ਸਨ।

# ਇਮਰਾਨ ਖਾਨ ਦੀ ਪਾਰਟੀ ਦਾ ਦਫਤਰ ਸੁਰੱਖਿਆ ਬਲਾਂ ਨੇ ਕੀਤਾ ਸੀਲ




ਇਸਲਾਮਾਬਾਦ, 23 ਜੁਲਾਈ (ਪੋਸਟ ਬਿਊਰੋ): ਸੁਰੱਖਿਆ ਬਲਾਂ ਨੇ ਸੋਮਵਾਰ ਨੂੰ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਦਫਤਰ 'ਤੇ ਛਾਪਾ ਮਾਰਿਆ। ਜਾਣਕਾਰੀ ਮੁਤਾਬਕ ਸੁਰੱਖਿਆ ਬਲਾਂ ਨੇ ਦਫ਼ਤਰ ਨੂੰ ਸੀਲ ਕਰ ਦਿੱਤਾ ਹੈ। ਨਾਲ ਹੀ ਪਾਰਟੀ ਦੇ ਕਈ ਵੱਡੇ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੀ.ਟੀ.ਆਈ. ਦੇ ਸੂਚਨਾ ਸਕੱਤਰ ਰਊਫ਼ ਹਸਨ ਵੀ ਇਸ ਵਿੱਚ ਸ਼ਾਮਿਲ ਹਨ। ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਗੌਹਰ ਖਾਨ ਨੇ ਸੁਰੱਖਿਆ ਬਲਾਂ 'ਤੇ ਪਿਛਲੇ ਦੋ ਮਹੀਨਿਆਂ 'ਚ ਪਾਰਟੀ ਦੇ 10 ਵੱਡੇ ਨੇਤਾਵਾਂ ਨੂੰ ਅਗਵਾ ਕਰਨ ਦਾ ਦੋਸ਼ ਲਗਾਇਆ ਸੀ।

ਇਸ ਤੋਂ ਇਲਾਵਾ ਪੁਲਿਸ ਜ਼ਬਰਦਸਤੀ ਮਹਿਲਾ ਵਰਕਰਾਂ ਨੂੰ ਗੱਡੀਆਂ ਵਿੱਚ ਬਿਠਾ ਕੇ ਲੈ ਗਈ। ਇਹ ਕਾਰਵਾਈ ਅਜਿਹੇ ਸਮੇਂ ਵਿੱਚ ਕੀਤੀ ਗਈ ਹੈ ਜਦੋਂ ਜੇਲ੍ਹ ਵਿੱਚ ਬੰਦ ਇਮਰਾਨ ਨੇ ਇੱਕ ਹਫ਼ਤਾ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਖਿਲਾਫ਼ ਦੇਸ਼ ਭਰ ਵਿੱਚ ਵਿਸ਼ਾਲ ਪ੍ਰਦਰਸ਼ਨ ਕਰੇਗੀ।

# ਯੂਏਈ ਵਿੱਚ 57 ਬੰਗਲਾਦੇਸ਼ੀਆਂ ਨੂੰ ਜੇਲ੍ਹ, 3 ਨੂੰ ਉਮਰ ਕੈਦ, 53 ਨੂੰ 10 ਸਾਲ ਦੀ ਕੈਦ

ਯੂਏਈ, 23 ਜੁਲਾਈ (ਪੋਸਟ ਬਿਊਰੋ): ਸੰਯੁਕਤ ਅਰਬ ਅਮੀਰਾਤ ਦੀ ਅਦਾਲਤ ਨੇ ਸ਼ੇਖ ਹਸੀਨਾ ਦੀ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ ਵਾਲੇ 57 ਬੰਗਲਾਦੇਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਹੈ। ਜਾਣਕਾਰੀ ਮੁਤਾਬਕ ਇਨ੍ਹਾਂ ਵਿੱਚੋਂ ਤਿੰਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਦੋਂਕਿ 53 ਨੂੰ 10 ਸਾਲ ਅਤੇ ਇੱਕ ਨੂੰ 11 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਨੇ ਹੁਕਮ ਦਿੱਤਾ ਕਿ ਇਨ੍ਹਾਂ ਲੋਕਾਂ ਨੂੰ ਸਜ਼ਾ ਪੂਰੀ ਕਰਨ ਤੋਂ ਬਾਅਦ ਵਾਪਿਸ ਬੰਗਲਾਦੇਸ਼ ਭੇਜ ਦਿੱਤਾ ਜਾਵੇ। ਦਰਅਸਲ, ਇਹ ਪ੍ਰਦਰਸ਼ਨਕਾਰੀ ਯੂਏਈ ਵਿੱਚ ਰਹਿੰਦਿਆਂ ਬੰਗਲਾਦੇਸ਼



ਵਿੱਚ ਰਾਖਵੇਂਕਰਨ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਪ੍ਰਵਾਸੀ ਬੰਗਲਾਦੇਸ਼ੀਆਂ ਦਾ ਉਦੇਸ਼ ਦੇਸ਼ ਵਿੱਚ ਸ਼ਾਂਤੀ ਭੰਗ ਕਰਨਾ ਨਹੀਂ ਸੀ।। ਸਥਾਨਕ ਲੋਕਾਂ ਨੇ ਦੱਸਿਆ ਕਿ ਪ੍ਰਦਰਸ਼ਨਕਾਰੀ ਜਲਦੀ ਹੀ ਵੱਡਾ ਮਾਰਚ ਕੱਢਣ ਦੀ ਯੋਜਨਾ ਬਣਾ ਰਹੇ ਹਨ।

ਖਲੀਜ ਟਾਈਮਜ਼ ਦੀ ਰਿਪੋਰਟ ਮੁਤਾਬਕ ਇਨ੍ਹਾਂ ਬੰਗਲਾਦੇਸ਼ੀਆਂ ਨੂੰ 19 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਯੂਏਈ 'ਚ ਹਿੰਸਾ ਭੜਕਾਉਣ ਅਤੇ ਦੰਗੇ ਭੜਕਾਉਣ ਦਾ ਦੋਸ਼ ਸੀ। 30 ਲੋਕਾਂ ਦੀ ਟੀਮ ਵੱਲੋਂ ਜਾਂਚ ਤੋਂ ਬਾਅਦ ਸੋਮਵਾਰ ਨੂੰ ਸਾਰੇ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ।

ਮਨੁੱਖੀ ਅਧਿਕਾਰ ਸੰਗਠਨ ਐਮਨੇਸਟੀ ਇੰਟਰਨੈਸ਼ਨਲ ਨੇ ਸਜ਼ਾ ਦੀ ਆਲੋਚਨਾ ਕੀਤੀ ਹੈ। ਯੂਏਈ ਵਿੱਚ ਦੂਜੇ ਦੇਸ਼ਾਂ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰਨਾ ਗੈਰ-ਕਾਨੂੰਨੀ ਹੈ। ਯੂਏਈ ਦੇ ਅਮੀਰ ਦੇ ਅਨੁਸਾਰ, ਇਸ ਨਾਲ ਦੂਜੇ ਦੇਸ਼ਾਂ ਨਾਲ ਸਬੰਧ ਵਿਗੜਨ ਦਾ ਖਤਰਾ ਹੈ। ਦਰਅਸਲ, 90% ਵਿਦੇਸ਼ੀ ਯੂਏਈ ਵਿੱਚ ਰਹਿੰਦੇ ਹਨ। ਇਨ੍ਹਾਂ ਵਿੱਚੋਂ ਇੱਕ ਤਿਹਾਈ ਬੰਗਲਾਦੇਸ਼ੀ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com






ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





## ਵਿਜੀਲੈਂਸ ਬਿਊਰੋ ਨੇ ਪੀ.ਐੱਸ.ਆਈ.ਈ.ਸੀ. ਪਲਾਟ ਅਲਾਟਮੈਂਟ ਘੁਟਾਲੇ 'ਚ ਸ਼ਾਮਿਲ ਉੱਪ-ਮੰਡਲ ਇੰਜਨੀਅਰ ਨੂੰ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, 23 ਜੁਲਾਈ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਸਨਅਤੀ ਪਲਾਟਾਂ ਦੀ ਅਲਾਟਮੈਂਟ ਵਿੱਚ ਬੇਨਿਯਮੀਆਂ ਕਰਨ ਸਬੰਧੀ ਮਾਮਲੇ 'ਚ ਲੋੜੀਂਦੇ ਮੁਲਜ਼ਮ ਅਤੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ (ਪੀ.ਐਸ.ਆਈ.ਈ.ਸੀ.) ਦੇ ਉਪ ਮੰਡਲ ਇੰਜਨੀਅਰ (ਐਸ.ਡੀ.ਈ.) ਸਵਤੇਜ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।



ਇਹ ਪ੍ਰਗਟਾਵਾ ਕਰਦੇ ਹੋਏ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਬਿਊਰੋ ਨੇ ਪਹਿਲਾਂ ਹੀ ਐਫਆਈਆਰ ਨੰਬਰ 04, ਮਿਤੀ 08.03.2024 ਨੂੰ ਆਈ.ਪੀ.ਸੀ. ਦੀ ਧਾਰਾ 409, 420, 465, 467, 468, 471, 120-ਬੀ ਅਤੇ 13(1)ਏ ਸਮੇਤ 13(2) ਤਹਿਤ ਫਲਾਇੰਗ ਸਕੁਐਡ-1 ਪੁਲਿਸ ਥਾਣਾ, ਪੰਜਾਬ ਮੋਹਾਲੀ ਵਿਖੇ, ਮੁਕੱਦਮਾ ਦਰਜ ਕੀਤਾ ਹੋਇਆ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਨੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਗੁਰਤੇਜ ਸਿੰਘ ਦੇ ਨਾਂ 'ਤੇ ਮੈਸਰਜ਼ ਗੁਰਤੇਜ ਇੰਡਸਟਰੀਜ਼ ਨਾਂ ਦੀ ਫਰਜ਼ੀ ਫਰਮ ਬਣਾਈ ਹੋਈ ਸੀ। ਇਸ ਤੋਂ ਬਾਅਦ ਉਸ ਨੇ ਆਪਣੇ ਪੁੱਤਰ ਮਨਰੂਪ ਸਿੰਘ ਅਤੇ ਹੋਰ ਰਿਸ਼ਤੇਦਾਰਾਂ ਦੇ ਖਾਤਿਆਂ 'ਚੋਂ ਪੈਸੇ ਪੀ.ਐੱਸ.ਆਈ.ਈ.ਸੀ. ਨੂੰ ਟਰਾਂਸਫਰ ਕਰਕੇ ਉਕਤ ਫਰਮ ਦੇ ਨਾਂ 'ਤੇ ਪਲਾਟ ਨੰਬਰ-ਏ-394, ਇੰਡਸਟਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ ਵਿਖੇ ਅਲਾਟ ਕਰ ਦਿੱਤਾ ਸੀ।

ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਐਸ.ਡੀ.ਈ. ਸਵਤੇਜ ਸਿੰਘ ਨੇ ਅੱਜ ਮੁਹਾਲੀ ਅਦਾਲਤ ਵਿੱਚ ਆਤਮ ਸਮਰਪਣ ਕੀਤਾ, ਇਸ ਉਪਰੰਤ ਉਕਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸਨੂੰ ਵਿਜੀਲੈਂਸ ਕੋਲ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

## ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀ ਆਪਣੀਆਂ ਮੁਸ਼ਕਲਾਂ ਦੇ ਹਲ ਲਈ ਬੈਕਫਿੰਕੋ ਦੇ ਦਫਤਰ 'ਚ ਕਰਨ ਸੰਪਰਕ : ਚੇਅਰਮੈਨ ਸੰਦੀਪ ਸੈਣੀ

ਚੰਡੀਗੜ੍ਹ, 23 ਜੁਲਾਈ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸਮੇਂ-ਸਮੇਂ ਤੇ ਦਿੱਤੇ ਨਿਰਦੇਸ਼ਾਂ ਹੇਠ ਪੰਜਾਬ ਪੱਛੜ੍ਹੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੇ ਚੇਅਰਮੈਨ ਸੰਦੀਪ ਸੈਣੀ ਵੱਲੋਂ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਦੀਆਂ ਮੁਸ਼ਕਲਾਂ ਸੁਣੀਆਂ ਜਾਣਗੀਆਂ ਅਤੇ ਉਨ੍ਹਾ ਦੇ ਢੁਕਵੇਂ ਹਲ ਤੇਜ਼ੀ ਨਾਲ ਉਪਰਾਲੇ ਕੀਤੇ ਜਾਣਗੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ ਨੇ ਦੱਸਿਆ ਪੰਜਾਬ ਰਾਜ ਦੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀ ਆਪਣੀਆਂ ਮੁਸ਼ਕਲਾਂ ਸਬੰਧੀ ਉਨ੍ਹਾਂ ਨੂੰ ਦਫਤਰੀ ਕੰਮ-ਕਾਜ ਵਾਲੇ ਦਿਨ ਹਰੇਕ ਮੰਗਲਵਾਰ ਸਵੇਰੇ 11 ਵਜੇ ਤੋਂ 3 ਵਜੇ ਤੱਕ ਬੈਕਫਿੰਕੋ ਦੇ ਦਫਤਰ ਐਸ.ਸੀ.ਓ. 60-61, ਸੈਕਟਰ-17 ਏ, ਚੰਡੀਗੜ੍ਹ ਵਿਖੇ ਸੰਪਰਕ ਕਰ ਸਕਦੇ ਹਨ।



ਚੇਅਰਮੈਨ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੱਛੜ੍ਹੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਜਾਣਕਾਰੀ ਵੀ ਉਨ੍ਹਾ ਨੂੰ ਦਿੱਤੀ ਜਾਵੇਗੀ ਅਤੇ ਮੁਸ਼ਕਲਾਂ ਦਾ ਹੱਲ ਕਰਨ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਦੇ ਆਰਥਿਕ ਮਿਆਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ।

ਸੈਣੀ ਨੇ ਪੱਛੜ੍ਹੀਆਂ ਸ਼੍ਰੇਣੀਆਂ ਨਾਲ ਸਬੰਧਤ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉੱਨਤ ਸਮਾਜ ਦੀ ਸਿਰਜਣਾ ਵਾਸਤੇ ਜ਼ਮੀਨੀ ਪੱਧਰ ਤੇ ਉਪਰਾਲੇ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਪੱਛੜ੍ਹੀਆਂ ਸ਼੍ਰੇਣੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਤਾਂ ਜੋ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ।

## ਕੇਂਦਰੀ ਬਜਟ ਕਮਜ਼ੋਰ ਸਰਕਾਰ ਦਾ ਕਮਜ਼ੋਰ ਬਜਟ, ਸਭ ਤੋਂ ਵੱਡਾ ਖੇਤਰ ਖੇਤੀ ਸਰਕਾਰ ਨੇ ਭੁਲਾ ਦਿੱਤਾ : ਰਾਜੇਵਾਲ

ਚੰਡੀਗੜ੍ਹ, 23 ਜੁਲਾਈ (ਪੋਸਟ ਬਿਊਰੋ): ਅੱਜ ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਸਾਲ 2024-25 ਲਈ ਲੋਕ ਸਭਾ ਵਿੱਚ ਬਜਟ ਪੇਸ਼ ਕੀਤਾ, ਜਿਸਨੇ ਖਾਸਕਰ ਕਿਸਾਨਾਂ ਅਤੇ ਆਮ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ। ਇਹ ਗੱਲ ਅੱਜ ਇੱਥੋਂ ਪ੍ਰੈੱਸ ਨੂੰ ਜਾਰੀ ਕੀਤੇ ਇੱਕ ਪ੍ਰੈਸ ਬਿਆਨ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਸ. ਬਲਬੀਰ ਸਿੰਘ ਰਾਜੇਵਾਲ ਨੇ ਕਹੀ। ਉਨ੍ਹਾਂ ਕਿਹਾ ਕਿ 48 ਕਰੋੜ ਦੇ ਬਜਟ ਵਿੱਚ ਖੇਤੀ ਲਈ ਕੇਵਲ 1.51 ਕਰੋੜ ਹੀ ਰੱਖੇ ਗਏ ਹਨ ਅਤੇ ਇਹ ਵੀ ਵਧੇਰੇ ਕਰਕੇ ਤਨਖਾਹਾਂ ਵਿੱਚ ਹੀ ਖਰਚ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨਾ ਤਾਂ ਐਮ. ਐਸ. ਪੀ. ਦੀ ਕਾਨੂੰਨੀ ਗਰੰਟੀ ਬਾਰੇ ਕੁਝ ਕਿਹਾ ਅਤੇ ਨਾ ਹੀ ਕਿਸਾਨਾਂ ਦੇ ਕਰਜੇ ਬਾਰੇ। ਕੁਦਰਤੀ ਖੇਤੀ ਬਾਰੇ ਕੇਵਲ ਢਕੌਂਸਲਾ ਹੀ ਦਿੱਤਾ ਹੈ ਅਤੇ ਦਾਲਾਂ, ਤੇਲ, ਬੀਜਾਂ ਦੀ ਪੈਦਾਵਰ ਵਧਾਉਣ ਦਾ ਛੁਣਛੁਣਾਂ ਤਾਂ ਦਿੱਤਾ ਪਰ ਇਨਾਂ ਦੀ ਖਰੀਦ ਦੀ ਵੀ ਕੋਈ ਗਰੰਟੀ ਨਹੀਂ। ਉਨ੍ਹਾਂ ਕਿਹਾ ਕਿ ਬਜਟ ਮੋਦੀ ਸਰਕਾਰ ਦੀਆਂ ਫੋਹੜੀਆਂ ਬਿਹਾਰ ਅਤੇ ਆਂਧਰਾ ਪ੍ਰਦੇਸ਼ ਦੇ ਆਲੇ ਦੁਆਲੇ ਹੀ ਘੁੰਮਦਾ ਦਿਖਾਈ ਦਿੰਦਾ ਹੈ। ਬਜਟ ਦੀਆਂ ਬਹੁਤੀਆਂ ਸਕੀਮਾਂ ਬਿਹਾਰ ਅਤੇ ਆਂਧਰਾ ਪ੍ਰਦੇਸ਼ ਵੱਲ ਹੀ ਸੇਧਤ ਹਨ। ਜੋ ਬਚਿਆ ਉਹ ਬੀ. ਜੇ. ਪੀ. ਦੀਆਂ ਸਰਕਾਰਾਂ ਲਈ ਚਲਾ ਗਿਆ। ਇਸ ਬਜਟ ਨੇ ਪੰਜਾਬ ਖਾਸਕਰ ਕਿਸਾਨਾਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ।



## ਕਲਾਸ ਫੋਰਥ ਯੂਨੀਅਨ ਵੱਲੋਂ ਸਰਕਾਰੀ ਸੀਨੀਅਰ ਸਕੈਡਰੀ ਸਕੂਲ ਲੜਕਿਆਂ ਦੇ ਪ੍ਰਿੰਸੀਪਲ ਨੂੰ ਦਿੱਤਾ ਗਿਆ ਨੋਟਿਸ

ਫਿਰੋਜ਼ਪੁਰ 23 ਜੁਲਾਈ (ਗਿਆਨ ਸਿੰਘ): ਜਿਲ੍ਹਾ ਦਿ ਕਲਾਸ ਫੋਰਥ ਗੋਰਮਿੰਟ ਇੰਪਲਾਈਜ਼ ਯੂਨੀਅਨ ਦੀ ਮੀਟਿੰਗ ਸਰਕਾਰੀ ਸੀਨੀਅਰ ਸਕੈਡਰੀ ਸਮਾਟ ਸਕੂਲ (ਲੜਕੇ) ਵਿਖੇ ਜਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਅਤੇ ਜਨਰਲ ਸਕੱਤਰ ਪਰਵੀਨ ਕੁਮਾਰ ਅਤੇ ਸਕੂਲ ਦੇ ਦਰਜਾ ਚਾਰ ਪ੍ਰਧਾਨ ਵਿਜੇ ਕੁਮਾਰ ਦੀ ਪ੍ਰਧਾਨਗੀ ਵਿਚ ਸਕੂਲ ਦੇ ਪ੍ਰਿੰਸੀਪਲ ਵੱਲੋਂ ਕਰਮਾਚਾਰੀਆਂ ਦੀਆਂ ਤਨਖਾਹ ਨਾਂ ਦੇਣ ਸਬੰਧੀ ਮੀਟਿੰਗ ਹੋਈ। ਇਸ ਮੌਕੇ ਮੈਡਮ ਮੋਨਾ ਆਕਊਂਟੈਂਟ ਸਕੂਲ, ਗੁਰਮੀਤ ਬੋਈ ਸਕੂਲ ਹੋਸਟਲ, ਸਤੋਸ਼ ਕੁਮਾਰ, ਅਜੀਤ ਗਿੱਲ ਸਿਵਲ ਹਸਪਤਾਲ, ਨਰਿੰਦਰ ਸ਼ਰਮਾ ਪੈਰਾ ਮੈਡੀਕਲ, ਰਾਜਾ ਰਾਮ ਫੂਡ ਸਪਲਾਈ ਵਿਭਾਗ ਤੋਂ ਇਲਾਵਾ ਸਕੂਲ ਦੇ ਦਰਜਾ ਚਾਰ ਕਰਮਾਚਾਰੀ ਹਾਜਰ ਸਨ।

ਇਸ ਮੌਕੇ ਜਿਲ੍ਹਾਂ ਪ੍ਰਧਾਨ ਰਾਮ ਪ੍ਰਸ਼ਾਦ ਅਤੇ ਜਨਰਲ ਸਕੱਤਰ ਪਰਵੀਨ ਕੁਮਾਰ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸਕੈਂਡਰੀ ਸਮਾਟ ਸਕੂਲ (ਲੜਕੇ) ਫਿਰੋਜ਼ਪੁਰ ਸ਼ਹਿਰ ਦੇ ਪ੍ਰਿੰਸੀਪਲ ਨੂੰ ਕਰਮਚਾਰੀਆਂ ਦੀਆਂ ਤਨਖਾਹਾਂ ਨਾਂ ਦੇਣ ਸਬੰਧ ਨੋਟਿਸ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਕਈ ਵਾਰ ਪ੍ਰਿੰਸੀਪਲ ਨੂੰ ਮਿਲੇ ਅਤੇ ਗੱਲਬਾਤ ਨਾਲ ਵੀ ਤਨਖਾਹ ਦੇਣ ਦਾ ਭਰੋਸਾ ਦਿੱਤਾ ਜਾਣ ਦੇ ਬਾਵਜੂਦ ਪ੍ਰਿੰਸੀਪਲ ਵੱਲੋਂ ਤਨਖਾਹਾਂ ਨਹੀਂ ਦਿੱਤੀਆਂ ਗਈਆਂ ਉਲਟਾ ਕਰਮਚਾਰੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਜਿਸ ਕਰਕੇ ਯੂਨੀਅਨ ਵੱਲੋਂ ਭਾਰੀ ਰੋਸ ਪਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਜੇਕਰ ਕਰਮਚਾਰੀਆਂ ਦੀਆਂ ਤਨਖਾਹਾਂ ਜਲਦੀ ਤੋਂ ਜਲਦੀ ਨਹੀਂ ਦਿੱਤੀਆਂ ਗਈਆਂ ਤਾਂ ਸਾਨੂੰ ਮਿਤੀ 26 ਜੁਲਾਈ 2024 ਨੂੰ ਸਕੂਲ ਪ੍ਰਿੰਸੀਪਲ ਦੇ ਦਫ਼ਤਰ ਵਿਖੇ ਪ੍ਰਿੰਸੀਪਲ ਦੇ ਖਿਲਾਫ਼ ਰੋਸ਼ ਪ੍ਰਦਸ਼ਰਨ ਕੀਤਾ ਜਾਵੇਗਾ ਜਿਸਦੀ ਸਾਰੀ ਜਿੰਮੇਵਾਰੀ ਪ੍ਰਿੰਸੀਪਲ ਦੀ ਹੋਵੇਗੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com







## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਕੀ ਕੁਝ ਲੋਕ ਐਡੇ ਵੱਡੇ ਮਹਾਨ ਵੀ ਹੋ ਸਕਦੇ ਹਨ?

# ਜਿਹੜੇ ਕਹਿਣ ਮੇਰੀ ਛੁਪੇ ਰਹਿਣ ਦੀ ਚਾਹ ਮੈਂ ਨੀਵਾਂ ਉਗਿਆ।

ਲੇਖਕ ਮਨਮੋਹਨ ਸਿੰਘ ਖੇਲਾ
ਸਿਡਨੀ, ਆਸਟ੍ਰੇਲੀਆ



ਆਪਣੇ ਬਜੁਰਗਾਂ ਵਲੋਂ ਕਹੇ ਹੋਏ ਲਫਜਾਂ ਨੂੰ ਯਾਦ ਰੱਖਦਿਆਂ, "ਬੱਚਿਓ, ਜੋ ਮਰਜੀ ਬਣ ਜਾਇਓ ਪਰ ਪਿੰਡੇ 'ਤੇ ਹੰਢਾਈ ਹੋਈ ਗਰੀਬੀ ਨੂੰ ਕਦੇ ਨਾ ਭੁੱਲਿਓ!" ਇਹ ਜ਼ਿਹਨ ਵਿੱਚ ਵਸਿਆ ਹੋਇਆ ਸੀ ਪਰ ਅਸੀਂ ਤਾਂ ਹੈ ਹੀ ਗਰੀਬ ਸਾਂ 'ਤੇ ਗਰੀਬੀ 'ਚੋਂ ਹੀ ਨਿਕਲੇ ਸਾਂ! ਏਸੇ ਕਰਕੇ ਹੀ ਆਏ ਸਾਂ ਆਸਟ੍ਰੇਲੀਆ ਕਿ ਗਰੀਬ ਦੀ ਮਦਤ ਕਰਾਂਗੇ, ਨਾਲ ਹੀ ਆਪਣੀ ਗਰੀਬੀ ਵੀ ਦੂਰ ਕਰਾਂਗੇ। ਪਹਿਲਾਂ ਪਹਿਲ ਦਿਲ ਵਿੱਚ ਬੜਾ ਹੀ ਚਾਅ ਸੀ ਵਿਦੇਸ਼ ਜਾ ਕੇ ਉਸ ਨੂੰ ਵੇਖਣ ਦਾ ਜੋ ਕਿ ਪਹਿਲਾਂ ਪਹਿਲ ਵੱਧੀਆ ਵੀ ਲੱਗਣ ਲੱਗਾ ਕਿ ਹੁਣ ਸਾਡੀ ਗਰੀਬੀ ਦੂਰ ਹੋ ਜਾਵੇਗੀ।ਜਦੋਂ ਆ ਕੇ ਕੁਝ ਦੇਰ ਬਾਅਦ ਸਿਸਟਮ ਅਤੇ ਆਪਣੇ ਭਾਈਚਾਰੇ ਦਾ ਵਰਤਾਰਾ ਵੇਖਿਆ ਓਦੋਂ ਦਿਲ ਉਚਾਟ ਹੋ ਗਿਆ ਅਤੇ ਹੌਲ਼ੀ ਹੌਲ਼ੀ ਬਾਹਰ ਆਉਣ ਦਾ ਚਾਅ ਜਿਹਾ ਵੀ ਲਹਿ ਗਿਆ।ਏਥੇ ਜਦੋਂ ਕੰਮਾਂ ਕਾਰਾਂ ਦੀ ਭੱਜ ਦੌੜ ਵੇਖੀ ਕੋਈ ਦੁਪਹਿਰੇ, ਕੋਈ ਸਵੇਰੇ, ਕੋਈ ਸ਼ਾਮੀ, ਕੋਈ ਰਾਤ ਨੂੰ ਆਪਣੇ ਕੰਮ ਲਈ ਦੌੜ ਰਿਹਾ ਸੀ। ਆਪਣੇ ਪਰਵਾਰਕ ਮੈਂਬਰ ਵੀ ਕਈ ਕਈ ਦਿਨ ਆਪਸ ਵਿੱਚ ਮਿਲਦੇ ਨਜਰ ਨਾ ਆਉਣੇ। ਦੂਜੇ ਪਾਸੇ ਵਿਹਲੇ ਬੰਦੇ ਦਾ ਇਕਲਿਆਂ ਘਰ 'ਚ ਰਹਿਣਾ। ਤੀਜੇ ਏਥੋਂ ਦੇ ਕਲਚਰ ਦਾ ਵਖਰੇਵਾਂ ਅਤੇ ਚੌਥੇ ਏਥੋਂ ਦੀ ਬੋਲੀ ਦਾ ਵਖਰੇਵਾਂ ਆਦਿ ਹੋਰ ਵੀ ਉਦਾਸੀ ਦਾ ਕਾਰਨ ਬਣਨ ਲੱਗੇ।

ਇਕ ਦਿਨ ਜਦੋਂ ਵੱਡੇ ਬੇਟੇ ਨੂੰ ਛੁੱਟੀ ਸੀ। ਗਲੈਨਵੁੱਡ (ਪਾਰਕਲੀ) ਜਦੋਂ ਗੁਰਦੁਆਰਾ ਸਾਹਿਬ ਆਏ। ਆਪਣਾ ਭਾਈਚਾਰਾ ਵੇਖ ਕੇ ਬਹੁਤ ਹੀ ਵਧੀਆ ਲਗਿਆ। ਓਦੋਂ ਦਿਲ ਨੂੰ ਢਾਰਸ ਬੱਝੀ ਅਤੇ ਕੁਝ ਕੁ ਸਕੂਨ ਵੀ ਮਿਲਿਆ ਕਿ ਸਾਡੇ ਆਪਣੇ ਵਰਗੇ ਹੋਰ ਵੀ ਏਥੇ ਹਨ। ਜਦੋਂ ਇਹਨਾਂ ਆਪਣਿਆਂ ਵਿੱਚ ਘੁਲ਼ ਮਿਲ਼ ਕੇ ਵਿਚਰੇ ਤਾਂ ਏਥੇ ਵੀ ਇੱਕ ਦੂਜੇ ਪ੍ਰਤੀ ਨਫ਼ਰਤ, ਚੁਗਲੀ, ਸਾੜਾ, ਇਕ ਦੂਜੇ ਦੀਆਂ ਲੱਤਾਂ ਖਿੱਚਣੀਆਂ, ਆਪਣੇ ਆਪ ਨੂੰ ਨਾਢੂ ਖਾਂ ਕਹਾਉਣਾ। ਆਪਣੀ ਵਡਿਆਈ ਕਰਵਾਉਣੀ ਆਦਿ ਵੇਖ ਕੇ ਦਿਲ ਪਛਤਾਉਣ ਲੱਗਾ ਕਿ ਅਸੀਂ ਏਥੇ ਕਿਉਂ ਆ ਗਏ ਹਾਂ?

ਕਿਸੇ ਹੋਰ ਦਿਨ ਦੁਬਾਰਾ ਗੁਰਦੁ-ਆਰਾ ਸਾਹਿਬ ਸਿੱਖ ਸੈਂਟਰ ਗਲੈਨਵੁੱਡ ਵਿਖੇ, ਸਾਲ 2004 ਵਿੱਚ ਨਵਾਂ ਸ਼ਹਿਰ ਦੇ ਗੁਰਦੁਆਰਾ ਸਾਹਿਬ ਸਿੰਘ ਸਭਾ ਤੋਂ, ਸਿਡਨੀ ਦੇ ਗੁਰਦੁਆਰਾ ਸਾਹਿਬ ਗਲੈਨਵੁੱਡ ਵਿਖੇ, ਕੀਰਤਨ ਕਰਨ ਆਏ ਜਥੇ ਨੂੰ ਮਿਲਣ ਗਏ ਸਾਂ। ਉਹਨਾਂ ਵਿੱਚ ਗਿਆਨੀ ਜਸਵਿੰਦਰ ਸਿੰਘ ਜੀ, ਪਿਛਿਓਂ ਪਿੰਡ ਸੋਅਤਾ ਅਸਮਾਨਪੁਰ ਤੋਂ, ਗਿਆਨੀ ਇਕਬਾਲ ਸਿੰਘ ਜੀ ਹਾਰਟਾ ਵਡਾਲਾ ਤੋਂ ਅਤੇ ਤਬਲਾ ਵਾਦਕ ਭਾਈ ਸਤਪਾਲ ਸਿੰਘ ਜੀ ਸਵਾਜਪੁਰ ਤੋਂ, ਸਾਡੇ ਨੇੜੇ ਦੇ ਪਿੰਡਾਂ ਤੋਂ ਸਨ।

ਏਥੇ ਇਹਨਾਂ ਕੋਲ ਹੀ ਸਬੱਬੀਂ ਮੇਰਾ ਮੇਲ, ਮਿਲਾਪੜੇ ਸੁਭਾਅ ਦੇ ਮਾਲਕ, ਗਿਆਨੀ ਸੰਤੋਖ ਸਿੰਘ ਜੀ ਨਾਲ ਵੀ ਹੋਇਆ। ਜਦੋਂ ਮੈਂ ਉਹਨਾਂ ਨੂੰ ਮਿਲਿਆ ਅਤੇ ਆਪਣੇ ਬਾਰੇ ਦੱਸਿਆ ਕਿ ਅਸੀਂ ਆਸਟ੍ਰੇਲੀਆ ਆਉਣ ਵਾਲ਼ੀ ਬਹੁਤ ਵੱਡੀ ਗਲਤੀ ਕਰ ਲਈ ਹੈ। ਪੰਜਾਬ ਵਿੱਚ ਹੀ ਠੀਕ ਸਾਂ। ਭਾਵੇਂ ਕਿ ਅਸੀਂ ਓਥੇ ਮਾਇਕ ਪਖੋਂ ਕਾਫੀ ਪਛੜੇ ਹੋਏ ਸਾਂ ਪਰ ਇਸ ਦੇ ਬਾਵਜੂਦ ਬਜ਼ੁਰਗਾਂ ਦੇ ਪਿਛੋਕੜ ਵੱਲੋਂ ਇਮਾਨਦਾਰ ਰਹਿ ਕੇ, ਹਰ ਕਿਸੇ ਨਾਲ ਪਿਆਰ ਭਰੀ ਭਾਵਨਾ ਨਾਲ ਮਿਲਵਰਤਣ ਰੱਖਣਾ ਅਤੇ ਨੀਵੇਂ ਰਹਿਣ ਦੀ ਗੁੜ੍ਹਤੀ ਦਿਤੀ ਹੋਣ ਕਰਕੇ, ਆਪਣੇ ਆਲੇ ਦੁਆਲੇ ਦੇ ਸਮਾਜ ਵਿੱਚ ਕਾਫੀ ਸਤਿਕਾਰ ਭਰੀ ਇੱਜਤ ਨਾਲ ਵਿਚਰਦੇ ਸਾਂ।

ਇਹ ਸਾਰਾ ਕੁਝ ਸੁਣ ਕੇ ਗਿਆਨੀ ਜੀ ਨੇ ਮੈਨੂੰ ਵੱਧੀਆ ਗੱਲ ਬਾਤ ਨਾਲ ਪਹਿਲੀ ਮਿਲਣੀ ਵਿੱਚ ਹੀ ਕਾਇਲ ਕਰ ਲਿਆ ਅਤੇ ਆਪਣੇ ਤਜਰਬੇ ਅਨੁਸਾਰ ਗੁਰਬਾਣੀ ਰਾਹੀਂ ਦਲੀਲਾਂ ਦੇ ਕੇ ਆਸਟ੍ਰੇਲੀਆ ਰਹਿਣ ਦੀ ਤਸਵੀਰ ਦਾ ਦੂਜਾ ਪਾਸਾ ਵੀ ਵਿਖਾ ਦਿੱਤਾ। ਉਸ ਦਿਨ ਤੋਂ ਜਿਵੇਂ ਜਿਵੇਂ ਗਿਆਨੀ ਜੀ ਹੋਰਾਂ ਨਾਲ ਨੇੜਤਾ ਹੁੰਦੀ ਗਈ, ਉਹਨਾਂ ਦੇ ਗਿਆਨ ਬਾਰੇ ਅਤੇ ਉਹਨਾਂ ਦੀ ਸਾਦਗੀ ਬਾਰੇ ਅਤੇ ਉਹਨਾਂ ਦੀਆਂ ਵਧੀਆ ਇਨਸਾਨੀ ਕਦਰਾਂ ਕੀਮਤਾਂ ਬਾਰੇ ਵੀ ਪਤਾ ਲੱਗਦਾ ਰਿਹਾ ਕਿ ਉਹ ਕਿਹੋ ਜਿਹੇ ਸੱਚੇ ਸੁੱਚੇ ਇਨਸਾਨ ਹਨ।

ਆਸਟ੍ਰੇਲੀਆ ਦੇ ਹਰੇਕ ਸ਼ਹਿਰ ਦਾ ਪੰਜਾਬੀ ਗਿਆਨੀ ਜੀ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਸਤਿਕਾਰ ਸਾਹਿਤ ਪਿਆਰ ਸਤਿਕਾਰ ਵੀ ਕਰਦਾ ਹੈ। ਗਿਆਨੀ ਜੀ ਸਿੱਖ ਇਤਿਹਾਸ ਦੀ ਚੱਲਦੀ ਫਿਰਦੀ ਡਿਕਸ਼ਨਰੀ ਹੀ ਨਹੀਂ ਸਗੋਂ ਸਫ਼ਲਤਾ ਦੀ ਕੁੰਜੀ ਵੀ ਕਹੇ ਜਾ ਸਕਦੇ ਹਨ, ਜਿਹੜੇ ਕਿ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ। ਸੰਸਾਰ ਵਿੱਚ ਸ਼ਾਇਦ ਹੀ ਕੋਈ ਧਾਰਮਿਕ ਪੰਜਾਬੀ ਸਿੱਖ ਹਸਤੀ ਹੋਵੇਗੀ ਜਿਹੜੀ ਇਹਨਾਂ ਨੂੰ ਨਾ ਜਾਣਦੀ ਹੋਵੇ! ਏਥੇ ਹੀ ਮੈਂ ਇਹਨਾਂ ਦੇ ਜੋ ਵਾਰਤਕ ਲੇਖ, ਏਥੋਂ ਦੀਆਂ ਸਾਰੀਆਂ ਲੋਕਲ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ, ਉਹਨਾਂ ਨੂੰ ਪੜ੍ਹ ਕੇ ਵੀ ਮੈਂ ਕਾਫੀ ਪ੍ਰਭਾਵਤ ਹੋਇਆ ਕਿਉਂਕਿ ਉਹਨਾਂ ਵਿੱਚੋਂ ਕਾਫੀ ਕੁਝ ਸਿੱਖਣ ਨੂੰ ਮਿਲਦਾ ਹੈ। ਇਹਨਾਂ ਦੇ ਵਾਰਤਕ ਲੇਖਾਂ ਬਾਰੇ ਮੈਂ ਜਰੂਰ ਇਹਨਾਂ ਨੂੰ ਇੱਕ ਸੁਝਾਅ ਦਿੱਤਾ ਸੀ ਕਿ ਤੁਸੀਂ ਇਹਨਾਂ ਲੇਖਾਂ ਨੂੰ ਸਦੀਵੀ ਸਾਂਭਣ ਲਈ ਕਿਤਾਬੀ ਰੂਪ ਜਰੂਰ ਦਿਓ। ਉਸ ਵੇਲੇ ਜਰੂਰ ਇਹਨਾਂ ਨੇ ਹੈਰਾਨ ਹੋ ਕੇ ਕਿਹਾ ਸੀ, 'ਕੀ ਇਵੇਂ ਵੀ ਹੋ ਸਕਦਾ ਹੈ?" ਮੈਂ ਕਿਹਾ ਸੀ, "ਹਾਂ, ਗਿਆਨੀ ਜੀ ਇਵੇਂ ਹੋ ਸਕਦਾ ਹੈ। ਤੁਸੀਂ ਆਪਣੀਆਂ ਲਿਖਤਾਂ ਨੂੰ ਪ੍ਰਿੰਟ ਕਰਕੇ ਜਾਂ ਉਹਨਾਂ ਨੂੰ ਯੂ.ਐਸ.ਬੀ. ਵਿੱਚ ਸਟੋਰ ਕਰਕੇ, ਪੰਜਾਬ ਲਿਜਾ ਕੇ ਕਿਸੇ ਵੀ ਕਿਤਾਬਾਂ ਪ੍ਰਿੰਟ ਕਰਨ ਵਾਲੀ ਪ੍ਰਿੰਟਿੰਗ ਪ੍ਰੈਸ ਜਾ ਕੇ ਪ੍ਰਿੰਟ ਕਰਵਾ ਸਕਦੇ ਹੋ।"

ਉਸ ਦਿਨ ਤੋਂ ਗਿਆਨੀ ਜੀ ਨੇ ਇਹ ਗੱਲ ਪੱਲੇ ਬੰਨ੍ਹ ਲਈ। ਪਹਿਲੀ ਕਿਤਾਬ 'ਸੱਚੇ ਦਾ ਸੱਚਾ ਢੋਆ' ਛਪਵਾਉਣ ਤੋਂ ਬਾਅਦ, ਅੱਜ ਤੱਕ ਗਿਆਰਾਂ ਵੱਖੋ-ਵੱਖਰੀਆਂ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਦਿੱਤੀਆਂ ਹਨ। ਸਾਲ 2006 ਦੀ ਨਵੰਬਰ ਵਿੱਚ ਪਹਿਲੀ ਕਿਤਾਬ 'ਸੱਚੇ ਦਾ ਸੱਚਾ ਢੋਆ' ਛੇ ਐਡੀਸ਼ਨਾਂ ਵਿੱਚ ਸੱਤ ਹਜਾਰ ਕਾਪੀ ਵਿੱਚ ਛਪ ਚੁੱਕੀ ਹੈ ਜਿਸ ਤੋਂ ਪੰਜਾਬੀ ਸੱਥ ਲਾਂਬੜਾ ਵੱਲੋਂ ਗੋਲਡ ਮੈਡਲ ਵੀ ਪ੍ਰਾਪਤ ਹੋ ਚੁੱਕਿਆ ਹੈ।

ਗਿਆਨੀ ਜੀ ਆਮ ਸਾਧਾਰਨ ਕਿਸਾਨੀ ਸਿੱਖ ਪਰਵਾਰ ਵਿਚ ਰਹਿਣ ਵਾਲੇ ਮਾਤਾ ਜਸਵੰਤ ਕੌਰ ਜੀ ਅਤੇ ਪਿਤਾ ਭਾਈ ਗਿਆਨ ਸਿੰਘ ਜੀ ਦੇ ਘਰ, ਸਾਲ 1943 ਨੂੰ ਪੈਦਾ ਹੋਏ। ਆਪਣੀ ਮੁੱਢਲੀ ਸਿਖਿਆ ਪ੍ਰਾਪਤ ਕਰਨ ਲਈ ਆਪਣੇ ਪਿੰਡ ਦੇ ਨੇੜਲੇ ਪਿੰਡ ਉਦੋ ਨੰਗਲ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਦੇ ਸਖਤ ਸੁਭਾਅ ਵਾਲੇ ਰਵਈਏ ਨੂੰ ਪਸੰਦ ਨਾ ਕਰਦੇ ਹੋਏ ਕੁਝ ਕੁ ਦਿਨ ਹੀ ਸਕੂਲੇ ਗਏ ਤੇ ਪਹਿਲੀ ਜਮਾਤ ਵਿਚੋਂ ਹੀ ਘਰ ਨੂੰ ਮੁੜ ਆਏ। ਓ ਅ ਪਿੰਡ ਦੇ ਗੁਰਦੁਆਰੇ ਵਿਚ ਜਮੀਨ ਉਪਰ ਵਿਛੇ ਘੱਟੇ ਵਿਚ ਸੱਜੇ ਹੱਥ ਦੀ ਉਂਗ਼ਲੀ ਨਾ਼ਲ ਲਿਖਣਾ ਸਿੱਖ ਲਿਆ। ਬਾਅਦ 'ਚ ਗੁਰਮੁਖੀ ਲਿੱਪੀ ਦੀ ਵਰਨ-ਮਾਲਾ ਪਹਿਲੀ ਜਮਾਤ ਦੇ ਕਾਇਦੇ ਨੂੰ ਅਤੇ ਦੂਜੀ ਜਮਾਤ ਦੀ ਕਿਤਾਬ ਨੂੰ ਘਰੇ ਆਪਣੇ ਪਿਤਾ ਤੋਂ ਸਿੱਖ ਕੇ ਅਤੇ ਮੁਹਾਰਨੀ ਨੂੰ ਰੱਟਾ ਲਾ ਕੇ, ਛੇਤੀ ਹੀ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ ਅਤੇ ਲੜੀਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਵੀ ਸਿੱਖ ਲਿਆ।

ਸਾਲ 1955 ਵਿਚ, ਖਾਲਸਾ ਵਿਦਿਆਲਾ ਤਰਨ ਤਾਰਨ ਤੋਂ ਕੀਰਤਨ ਸਿੱਖਣ ਦੇ ਨਾਲ ਨਾਲ ਬਹੁਤਾ ਸਮਾ ਗੁਰਮੁਖੀ ਲਿਖਣੀ ਸਿਖਣ 'ਤੇ ਹੀ ਲਾਇਆ।ਇਸ ਦੇ ਨਾਲ ਹੀ ਭਗਤ ਬਾਣੀ ਦੇ ਅਰਥ ਪੜ੍ਹੇ ਅਤੇ ਵਿਦਿਆਲੇ ਦੀ ਲਾਇਬ੍ਰੇਰੀ ਦੀਆਂ ਬਹੁਤ ਸਾਰੀਆਂ ਕਿਤਾਬਾਂ ਦੁਆਰਾ ਧਾਰਮਿਕ ਅਤੇ ਰਾਜਨੀਤਕ ਸਾਹਿਤ ਤੋਂ ਇਲਾਵਾ ਸਿੱਖ ਰਾਜ ਦੇ ਇਤਿਹਾਸ ਸਬੰਧੀ ਵੀ ਕਈ ਕਿਤਾਬਾਂ ਪੜ੍ਹੀਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਮੇਟੀ ਵੱਲੋਂ ਚੱਲਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਦਾ ਕੋਰਸ 1958 ਤੋਂ 1960 ਤੱਕ ਪੂਰਾ ਕਰਕੇ, ਕਮੇਟੀ ਅਧੀਨ ਹੀ ਸੇਵਾ ਵਿਚ ਰਾਗੀ ਵਜੋਂ ਸ਼ਾਮਲ ਹੋ ਗਏ, ਜਿੱਥੇ ਇਹਨਾਂ ਦੀ ਯੋਗਤਾ ਅਨੁਸਾਰ, ਪ੍ਰਬੰਧਕਾਂ ਵੱਲੋਂ 1960 ਤੋਂ ਲੈ ਕੇ1973 ਤੱਕ, ਵੱਖ ਵੱਖ ਅਹੁਦਿਆਂ ਉਪਰ ਸੇਵਾਵਾਂ ਲਈਆਂ ਗਈਆਂ।

1966 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗਿਆਨੀ ਦਾ ਕੋਰਸ ਵੀ ਪਾਸ ਕੀਤਾ। ਅਫ਼ਰੀਕਾ ਵਿਚ ਰਹਿੰਦਿਆਂ ਲੰਡਨ ਦੇ ਆਈ.ਸੀ.ਐਸ. ਕਾਲਜ ਤੋਂ ਚਿੱਠੀ ਪੱਤਰ ਰਾਹੀਂ ਜਰਨਲਿਜਮ ਦੀ ਪੜ੍ਹਾਈ ਵੀ ਸ਼ੁਰੂ ਕੀਤੀ ਪਰ ਕੁਝ ਕਾਰਨਾਂ ਕਰਕੇ ਵਿਚੇ ਹੀ ਛੱਡ ਦਿਤੀ।

ਮਾਰਚ, 1973 ਵਿਚ ਬਿਨਾ ਤਨਖਾਹ ਤੋਂ ਇਕ ਸਾਲ ਦੀ ਛੁੱਟੀ ਲੈ ਕੇ, ਦੋ ਸਾਲ ਦੇ ਵਰਕਿੰਗ ਵੀਜ਼ੇ ਉਤੇ, ਅਫ਼ਰੀਕਾ ਦੇ ਛੋਟੇ ਜਿਹੇ ਮੁਲਕ ਮਲਾਵੀ ਵਿਖੇ ਗ੍ਰੰਥੀ ਵਜੋਂ ਸੇਵਾ ਨਿਭਾਉਣ ਲਈ ਪਹੁੰਚ ਗਏ। ਇਕ ਸਾਲ ਬਾਅਦ ਓਥੋਂ ਹੀ ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧਕ ਕਮੇਟੀ ਦੀ ਸੇਵਾ ਤੋਂ ਆਪਣਾ ਅਸਤੀਫਾ ਭੇਜ ਦਿੱਤਾ।

ਮਲਾਵੀ, ਦੋ ਟਰਮਾਂ ਵਿਚ ਸਾਢੇ ਕੁ ਤਿੰਨ ਸਾਲ ਸੇਵਾ ਨਿਭਉਣ ਉਪ੍ਰੰਤ ਆਪਣੇ ਪਰਵਾਰ ਨੂੰ ਵਾਪਸ ਅੰਮ੍ਰਿਤਸਰ ਭੇਜ ਕੇ, ਆਪ ਜੀ ਨੇ ਪੱਲੇ ਖਰਚਾ ਬੰਨ੍ਹ ਕੇ, ਅਰਾਊਂਡ ਦਾ ਵਰਲਡ ਵੱਖੋ-ਵੱਖਰੇ ਦੇਸ਼ਾਂ ਦਾ ਚੱਕਰ ਲਾਉਣ ਲਈ ਚਾਲੇ ਪਾ ਲਏ। ਜਿਵੇਂ ਕਿ ਅਫ਼ਰੀਕਾ ਦੇ ਮੁਲਕ ਮਲਾਵੀ ਤੋਂ, ਕੀਨੀਆ, ਤਨਜਾਨੀਆਂ, ਮੁਜ਼ੰਬਿਕ, ਜਿੰਬਾਬਵੇ, ਬੋਟਸਵਾਨਾ, ਜੈਂਬੀਆ, ਸਾਊਥ ਅਫ਼ਰੀਕਾ, ਮਿਸਰ, ਇੰਗਲੈਂਡ, ਨੀਦਰ ਲੈਂਡ, ਦੋਵੇਂ ਜਰਮਨ, ਫਰਾਂਸ, ਸਪੇਨ, ਸਵਿਟਜ਼ਰਲੈਂਡ, ਪੋਲੈਂਡ, ਅਫਗਾਨਸਤਾਨ, ਪਾਕਿਸਤਾਨ, ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਹਾਂਗ ਕਾਂਗ, ਚੀਨ, ਨਿਊ ਕੈਲੇਡੋਰਨੀਆਂ, ਇੰਡੋਨੇਸ਼ੀਆ, ਨਿਊ ਜ਼ੀਲੈਂਡ, ਫਿਜੀ ਆਦਿ ਦੇਸ਼ਾਂ ਵਿਚ ਘੁੰਮਦਿਆਂ ਹੋਇਆਂ ਨੇ, ਦੁਨੀਆਂ ਦੀਆਂ ਵੱਖੋ-ਵੱਖਰੀਆਂ ਕੌਮਾਂ ਦੇ ਧਾਰਮਿਕ ਵਿਦਵਾਨਾਂ, ਪੱਤਰਕਾਰਾਂ, ਸਾਹਿਤਕਾਰ ਭਾਈਚਾਰਿਆਂ ਨੂੰ ਮਿਲ ਕੇ ਉਹਨਾਂ ਤੋਂ ਹੋਰ ਵੀ ਗਿਆਨ ਵੀ ਪ੍ਰਾਪਤ ਕੀਤਾ। ਇਹਨਾਂ ਖਿੱਤਿਆਂ ਦੇ ਸਿਆਸੀ, ਭੂਗੋਲਕ, ਸਭਿਆਚਾਰਕ, ਸਦਾਚਾਰਕ ਜਿਹੇ ਪਹਿਲੂਆਂ ਨੂੰ ਨੇੜਿਉਂ ਵੇਖਣ ਦਾ ਮੌਕਾ ਮਿਲਿਆ। ਇਹਨਾਂ ਯਾਤਰਾਵਾਂ ਸਦਕਾ ਹੀ ਬਹੁਤ ਸਾਰੇ ਵਾਰਤਕ ਲੇਖਾਂ ਦੀ ਉਪਜ ਹੋਈ ਜਾਪਦੀ ਹੈ।

ਦੁਨੀਆਂ ਦੇ ਵੱਖ ਵੱਖ ਦੇਸ਼ਾਂ ਨੂੰ ਵੇਖਦੇ ਅਤੇ ਘੁੰਮਦੇ ਹੋਏ ਗਿਆਨੀ ਜੀ 25 ਅਕਤੂਬਰ 1979 ਨੂੰ ਆਸਟ੍ਰੇਲੀਆ ਦੀ ਧਰਤੀ ਉਤੇ ਆ ਪਹੁੰਚੇ। ਏਥੇ ਆ ਕੇ ਪੱਕੇ ਹੋਣ ਦੀ ਉਡੀਕ ਕਰਦਿਆਂ ਨੂੰ ਹੀ ਦੋ ਦਿਨ ਘੱਟ ਪੂਰਾ ਇਕ ਸਾਲ ਗੁਜਰ ਗਿਆ। ਓਧਰੋਂ ਪਿੰਡੋਂ ਖ਼ਬਰ ਆਈ ਕਿ ਪਾਲਣ ਵਾਲ਼ੀ ਦਾਦੀ ਮਾਂ ਜੀ ਬਿਮਾਰ ਹਨ। ਇਸ ਕਰਕੇ ਗਿਆਨੀ ਜੀ ਦਾ ਆਸਟ੍ਰੇਲੀਆ ਤੋਂ ਦਿਲ ਉਦਾਸ ਹੋ ਗਿਆ। ਵਾਪਸ ਪੰਜਾਬ ਮੁੜ ਜਾਣ ਲਈ ਪਰਵਾਸ ਅਫਸਰ ਤੋਂ ਆਪਣਾ ਪਾਸਪੋਰਟ ਵਾਪਸ ਲੈਣ ਲਈ ਪਰਵਾਸ ਦਫਤਰ ਪਹੁੰਚ ਕੇ ਪਾਸਪੋਰਟ ਮੰਗਿਆ। ਪਰਵਾਸ ਅਫਸਰ ਨੇ ਗਿਆਨੀ ਜੀ ਹੋਰਾਂ ਵਲੋਂ ਗੱਲਬਾਤ ਕਰਨ ਦੇ ਢੰਗ ਤਰੀਕਾ ਵੇਖ ਕੇ, ਓਸੇ ਵੇਲ਼ੇ ਪੀ.ਆਰ. ਦੀ ਮੋਹਰ ਲਗਾ ਕੇ, ਪਾਸਪੋਰਟ ਗਿਆਨੀ ਜੀ ਨੂੰ ਫੜਾਉਂਦਿਆਂ ਹੋਇਆਂ ਵਧਾਈ ਦੇ ਦਿਤੀ।

ਪੀ.ਆਰ. ਦੀ ਮੋਹਰ ਲੱਗਣ ਬਾਅਦ ਫਿਰ ਕੰਮ ਲੱਭਣ ਦਾ ਦੌਰ ਚੱਲਿਆ। ਫੈਕਟਰੀਆਂ, ਖੇਤਾਂ, ਡਾਕਖਾਨਾ, ਬੱਸ ਕੰਡਕਟਰੀ, ਰੇਲਵੇ, ਕਲਰਕੀ, ਬੈਂਕ ਆਦਿ ਦੀ ਨੌਕਰੀ ਲਈ, ਕਈ ਥਾਵਾਂ 'ਤੇਂ ਟੱਕਰਾਂ ਮਾਰੀਆਂ। ਆਸਟ੍ਰੇਲੀਆ ਵਿਚ ਆ ਕੇ ਵੀ ਵਿੱਦਿਆ ਪ੍ਰਾਪਤੀ ਦੇ ਜਤਨ ਜਾਰੀ ਰੱਖੇ। ਸਿਡਨੀ ਦੀ ਨਿਊ ਸਾਊਥ ਵੇਲਜ਼ ਯੂਨੀਵਰਸਿਟੀ ਤੋਂ ਅੰਗ੍ਰੇਜ਼ੀ ਦਾ ਕੋਰਸ ਵੀ ਪਾਸ ਕੀਤਾ। ਇਸ ਤੋਂ ਇਲਾਵਾ, ਭਾਰਤ ਦੀ ਆਈ.ਟੀ.ਆਈ ਵਰਗੀ ਵਿਦਿਅਕ ਸੰਸਥਾ, ਟੇਫ ਤੋਂ ਵੀ ਕੁਝ ਹੋਰ ਕੋਰਸ ਕੀਤੇ।

ਗਿਆਨੀ ਸੰਤੋਖ ਸਿੰਘ ਜੀ ਹੈ, ਬੜੇ ਮਾਣ ਅਤੇ ਸਤਿਕਾਰ ਨਾਲ ਸਾਰੇ ਹੀ ਭਾਰਤੀ ਭਾਈਚਾਰੇ ਵਿੱਚ ਅਤੇ ਸਾਰੇ ਹੀ ਪੰਜਾਬੀ ਭਾਈਚਾਰੇ ਵਿੱਚ, ਸਮੇਤ ਏਥੋਂ ਦੇ ਕਈ ਹੋਰ ਵੱਖੋ ਵੱਖਰੇ ਭਾਈਚਾਰਿਆਂ ਵਿੱਚ ਇੱਕ ਵੱਖਰੀ ਪਛਾਣ ਬਣਾ ਕੇ ਰਹਿ ਰਿਹਾ ਹੈ। ਇਹਨਾਂ ਦੀ ਲਿਆਕਤ ਅਤੇ ਕਾਬਲੀਅਤ ਵੇਖ ਕੇ ਹਰ ਕੋਈ ਫਖ਼ਰ ਅਤੇ ਮਾਣ ਮਹਿਸੂਸ ਕਰਦਾ ਹੈ। ਗਿਆਨੀ ਜੀ ਦੇ ਭਾਸ਼ਣਾਂ ਦੀ ਬੋਲਣ ਸ਼ੈਲੀ ਇੱਕ ਵੱਖਰੀ ਕਿਸਮ ਦੀ ਮੁਹਾਰਤ ਅਤੇ ਹਾਸਿਆਂ ਰਾਹੀਂ ਮਨੋਰੰਜਨ ਭਰਪੂਰ ਹੁੰਦੀ ਹੈ। ਯਾਦ ਸ਼ਕਤੀ ਬਹੁਤ ਤੇਜ ਤਰਾਰ ਹੋਣ ਕਰਕੇ ਇਤਿਹਾਸ ਦੀਆਂ ਘਟਨਾਵਾਂ ਬਾਰੇ ਦਿਨ ਸਾਲ ਮਹੀਨੇ ਅਤੇ ਤਰੀਕਾਂ ਤੱਕ ਸਭ ਕੁਝ ਇਹਨਾਂ ਨੂੰ ਮੂੰਹ ਜਬਾਨੀ ਯਾਦ ਹੋਣ ਕਰਕੇ, ਸਰੋਤਿਆਂ ਨੂੰ ਹੈਰਾਨ ਹੋ ਜਾਂਦੇ ਹਨ। ਇਸ ਵੱਡੀ ਮੁਹਾਰਤ ਕਰਕੇ ਹੀ ਵੱਖੋ-ਵੱਖਰੀਆਂ ਸਰਕਾਰਾਂ, ਉਚ ਵਿਦਿਅਕ ਸੰਸਥਾਵਾਂ, ਸਾਹਿਤਕ ਸਭਾਵਾਂ ਵਲੋਂ ਵੱਡੇ ਵੱਡੇ ਧਾਰਮਿਕ, ਸਾਹਿਤਕ, ਅਤੇ ਇਤਿਹਾਸਕ ਸਮਾਗਮਾਂ ਵੇਲੇ ਸਰੋਤਿਆਂ ਨੂੰ ਕੀਲਣ ਲਈ ਭਾਸ਼ਣ ਦੇਣ ਲਈ ਖਾਸ ਤੌਰ 'ਤੇ ਗਿਆਨੀ ਜੀ ਨੂੰ ਦੇਸ਼ ਵਿਦੇਸ਼ ਤੋਂ ਬੁਲਾਇਆ ਜਾਂਦਾ ਹੈ, ਕਿਉਂਕਿ ਸਮੇ ਅਨੁਸਾਰ ਸਿੱਖੀ ਸਿਧਾਤਾਂ ਵਾਲੀ ਚੱਲਦੀ ਹੋਈ ਵਾਰਤਾ ਨੂੰ, ਉਦਾਹਰਣਾਂ ਸਹਿਤ, ਸਬੰਧਤ ਗੱਲ ਨੂੰ ਸਰੋਤਿਆਂ ਵਿੱਚ ਦਿਲਚਸਪੀ ਪੈਦਾ ਕਰਕੇ, ਪੱਲੇ ਪਾ ਦਿੰਦੇ ਹਨ।

ਗਿਆਨੀ ਜੀ, ਗਿਆਨਵਾਨ ਹੋਣ ਦੇ ਨਾਲ ਨਾਲ ਹਰ ਇਕ ਦਾ ਸਤਿਕਾਰ ਕਰਨਾ ਮਿੱਠਾ ਬੋਲਣਾ ਅਤੇ ਨਿਮਰਤਾ ਵਾ਼ਲੇ ਗੁਣਾਂ ਦੇ ਧਾਰਨੀ ਹਨ। ਸਿਡਨੀ ਦੇ ਬਹੁਤ ਸਾਰੇ ਸੂਝਵਾਨਾਂ ਨੇ ਇਹਨਾਂ ਨੂੰ "ਵਾਕਿੰਗ ਇਨਸਾਈਲੋਪੀਡੀਆ ਆਫ ਸਿੱਖਇਜ਼ਮ" ਦਾ ਨਾਮ ਵੀ ਦਿੱਤਾ ਹੋਇਆ ਹੈ। ਕਈ ਨੌਜਵਾਨ ਮਖੌਲ ਵਜੋਂ ਇਹਨਾਂ ਨੂੰ "ਸਾਈਬਰ ਗਿਆਨੀ" ਵੀ ਕਹਿ ਦਿੰਦੇ ਹਨ।

ਇਹਨਾਂ ਵਿੱਚ ਇੱਕ ਬਹੁਤੀ ਖਾਸ ਸਿਫਤ ਇਹ ਹੈ ਕਿ ਵਿਰੋਧੀਆਂ ਦੇ ਸ਼ਬਦੀ ਹਮਲੇ ਨਾਲ ਕਦੇ ਵੀ ਗੁੱਸੇ ਨਹੀਂ ਹੁੰਦੇ ਸਗੋਂ ਉਹਨਾਂ ਦੀ ਹਰ ਗੱਲ ਦਾ ਜਵਾਬ ਬਹੁਤ ਨਿਮਰਤਾ ਅਤੇ ਤਰਕ ਨਾਲ ਦਿੰਦੇ ਹਨ ਜਿਹੜਾ ਕਿ ਅਗਲਾ ਸੁਣ ਕੇ ਆਪਣੇ ਪ੍ਰਭਾਵਤ ਹੋ ਜਾਂਦਾ ਹੈ। ਇਹਨਾਂ ਦੀ ਲੇਖਣੀ ਸਮਾਜ ਦੀਆਂ ਬਹੁਤ ਸਾਰੀਆਂ ਕੁਰੀਤੀਆਂ ਨੂੰ ਵੀ ਸੁਧਾਰ ਰਹੀ ਹੈ; ਜਿਵੇਂ ਕਿ ਰੁਮਾਲਿਆਂ ਦੀ ਸੁੱਚਜੀ ਅਤੇ ਕੁਚੱਜੀ ਵਰਤੋਂ ਬਾਰੇ ਵੀ ਇਹਨਾਂ ਨੇ ਬਹੁਤ ਵਿਸਥਾਰ ਵਿੱਚ ਦਸਿਆ ਹੈ। ਇਹਨਾਂ ਦੀ ਹਰ ਲਿਖਤ ਸਮਾਜ ਨੂੰ ਸੇਧ ਦੇਣ ਵਾਲੀ ਹੁੰਦੀ ਹੈ। ਗਿਆਨੀ ਜੀ ਵਲੋਂ ਪੰਜਾਬੀ ਬੋਲੀ ਦੇ ਸ਼ਬਦ ਜੋੜਾਂ ਦੀਆਂ ਗਲਤੀਆਂ ਬਾਰੇ ਅਤੇ ਬਿੰਦੀ ਟਿੱਪੀ ਦੀ ਬੇਲੋੜੀ ਵਰਤੋਂ ਬਾਰੇ ਬਹੁਤ ਸਾਰੇ ਸੁਝਾਓ ਦੇ ਕੇ ਲਗਾਂ ਮਾਤਰਾਵਾਂ ਦੀ ਬੇਲੋੜੀ ਵਰਤੋਂ ਸਬੰਧੀ ਆਪਣੇ ਲੇਖਾਂ ਰਾਹੀਂ ਸਮੇ ਸਮੇ ਵਿਸਥਾਰ ਪੂਰਬਕ ਵੀ ਦਸਿਆ ਜਾਂਦਾ ਰਿਹਾ ਹੈ। ਇਸ ਕਰਕੇ ਗਿਆਨੀ ਜੀ ਦੀ ਪੰਜਾਬੀ ਸਾਹਿਤ ਅਤੇ ਪੰਜਾਬੀ ਮਾਂ ਬੋਲੀ ਨੂੰ ਵੱਡੀ ਦੇਣ ਵੀ ਹੈ।

ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਗਿਆਨੀ ਜੀ ਨੂੰ ਤੰਦਰੁਸਤੀ ਬਖਸ਼ਣ ਅਤੇ ਇਹਨਾਂ ਦੀ ਉਮਰ ਵੀ ਪੰਜਾਬੀ ਦੇ ਲੋਕ ਗੀਤਾਂ ਜਿੰਨੀ ਲੰਮੀ ਹੋਵੇ ਤਾਂ ਕਿ ਇਹ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਅਤੇ ਸਿੱਖ ਇਤਹਾਸ ਦਾ ਪ੍ਰਚਾਰ ਕਰਕੇ, ਸਾਡੇ ਵਰਗੇ ਅਨਜਾਣ ਲੋਕਾਂ ਨੂੰ ਵੀ ਵੱਧ ਤੋਂ ਵੱਧ ਜਾਣੂ ਕਰਵਾ ਸਕਣ।

ਜਦੋਂ ਇਹਨਾਂ ਨੂੰ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਆ ਜਾਣ ਕਰਕੇ, ਹੁਣ ਖਾਤਮੇ ਵੱਲ ਤੁਰ ਰਿਹਾ ਹੈ; ਗਿਆਨੀ ਜੀ ਤੁਸੀਂ ਹੁਣ ਕੀ ਕਰੋਗੇ? ਇਹਨਾਂ ਦਾ ਇਹੋ ਜਵਾਬ ਹੁੰਦਾ ਹੈ, "ਅਕਾਲੀ ਸੀ, ਅਕਾਲੀ ਹਾਂ, ਹਮੇਸ਼ਾਂ ਹੀ ਅਕਾਲੀ ਰਹਾਂਗਾ।" ਹਾਂ, ਜੇ ਕੁਝ ਊਣਤਾਈਆਂ ਜਾਂ ਘਾਟਾਂ ਆਈਆਂ ਹੋਣਗੀਆਂ, ਉਹਨਾਂ ਨੂੰ ਘੋਖ ਕੇ, ਵਿੱਚ ਰਹਿ ਕੇ ਸੁਝਾਅ ਦੇ ਕੇ ਸੁਧਾਰਨ ਦਾ ਯਤਨ ਕਰਦਾ ਰਹਾਂਗਾ। ਸਾਰੀ ਉਮਰ ਪੰਥ ਵਿੱਚ ਰਹਿ ਕੇ ਹੁਣ ਇਸ ਨੂੰ ਛੱਡਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਏਸੇ ਕਰਕੇ ਇਹਨਾਂ ਦੀਆਂ ਧਰਮ ਪ੍ਰਤੀ, ਸਮਾਜ ਪ੍ਰਤੀ, ਸਾਹਿਤ ਪ੍ਰਤੀ, ਪੰਜਾਬੀ ਬੋਲੀ ਪ੍ਰਤੀ, ਵਿਦਿਆ ਪ੍ਰਤੀ ਅਤੇ ਕੌਮ ਪ੍ਰਤੀ, ਦੇਸ਼ ਵਿਦੇਸ਼ ਪੱਧਰ 'ਤੇ ਕੀਤੀਆਂ ਗਈਆਂ ਸੇਵਾਵਾਂ ਦਾ ਮਾਣ ਸਤਿਕਾਰ ਕਰਦਿਆਂ, ਬਹੁਤ ਸਾਰੀਆਂ ਸੰਸਥਾਵਾਂ ਵਲੋਂ ਮਾਨਤਾ ਦੇ ਕੇ ਸਮੇ ਸਮੇ ਸਨਮਾਨਤ ਕੀਤਾ ਜਾਂਦਾ ਹੈ। ਮਿਸਾਲ ਵਜੋਂ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸ੍ਰੀ ਦਰਬਾਰ ਸਾਹਿਬ, ਬਿਹਾਰ ਸਰਕਾਰ, ਭਾਰਤ ਸਰਕਾਰ, ਪੰਜਾਬ ਸਰਕਾਰ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਾਹਿਤਕ, ਸਮਾਜਕ, ਧਾਰਮਿਕ ਸਭਾ ਸੋਸਾਇਟੀਆਂ ਵੱਲੋਂ ਗਿਅਨੀ ਜੀ ਨੂੰ ਸਨਮਾਨਤ ਕੀਤਾ ਗਿਆ ਹੈ।

ਸਿੱਖ ਗਿਆਨੀ ਜੀ ਵਿੱਚ ਇੱਕ ਹੋਰ ਬਹੁਤ ਵੱਡੀ ਵਿਲੱਖਣਤਾ ਵੇਖਣ ਲਈ ਓਦੋਂ ਮਿਲੀ ਜਦੋਂ ਮੈਂ ਇਹਨਾਂ ਦੇ ਜੀਵਨ ਬਾਰੇ ਕੁਝ ਲਿਖਣ ਦੀ ਇੱਛਾ ਜਾਹਰ ਕੀਤੀ ਤਾਂ ਇਹਨਾਂ ਨੇ ਮੈਨੂੰ ਇਹ ਆਖ ਕੇ ਜਵਾਬ ਦੇ ਦਿਤਾ, "ਮੈਂ ਕਿਹੜਾ ਦੁਨੀਆਂ ਵਿੱਚ ਆ ਕੇ ਕੋਈ ਵੱਖਰਾ ਕੰਮ ਕੀਤਾ ਹੈ! ਦੁਨੀਆਂ ਵਿੱਚ ਬਹੁਤ ਵੱਡੀਆਂ ਮਹਾਨ ਹਸਤੀਆਂ ਮੌਜੂਦ ਹਨ ਜਿਨ੍ਹਾਂ ਨੇ ਮਨੁਖਤਾ ਲਈ ਬਹੁਤ ਕੁਝ ਕੀਤਾ ਹੋਇਆ ਹੈ, ਮੈਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ। ਮੇਰੀ ਛੁਪੇ ਰਹਿਣ ਦੀ ਚਾਹ! ਮੇਰੀ ਨੀਵਾਂ ਰਹਿਣ ਦੀ ਚਾਹ, ਕਿਉਂਕਿ ਮੈਂ ਨੀਵਾਂ ਹੀ ਹਾਂ।"

ਇਹ ਉਹਨਾਂ ਦਾ ਕਿੱਡਾ ਵੱਡਾ ਵਡੱਪਣ ਹੈ ਕਿ ਐਡੇ ਵੱਧੀਆ ਲਿਖਾਰੀ, ਵਾਰਤਾਕਾਰ ਅਤੇ ਅਦਰਸ਼ਵਾਦੀ ਸ਼ਖਸ਼ੀਅਤ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਨੀਵਾਂ ਤੇ ਨਿਮਾਣਾ ਜਿਹਾ ਹੀ ਦੱਸ ਰਹੇ ਹਨ। ਇਹੋ ਜਿਹੀ ਸ਼ਖਸ਼ੀਅਤ ਨੂੰ ਸਿਜਦਾ ਹੈ। ਇਹ ਸਾਰੀ ਜਾਣਕਾਰੀ ਉਹਨਾਂ ਨੇ ਮੈਨੂੰ ਲੇਖ ਲਿਖਣ ਲਈ ਨਹੀਂ ਦਿੱਤੀ। ਉਹਨਾਂ ਨੇ ਜਵਾਬ ਦੇ ਦਿੱਤਾ ਸੀ ਪਰ ਮੈਂ ਅਣਜਾਣ ਬਣ ਕੇ ਉਹਨਾਂ ਕੋਲੋਂ ਵੈਸੇ ਹੀ ਗੱਲਾਂ ਗੱਲਾਂ ਵਿੱਚ ਜਾਣਕਾਰੀ ਲੈ ਲਈ ਕਿ ਤੁਸੀਂ ਆਸਟ੍ਰੇਲੀਆ ਕਦੋਂ ਆਏ? ਕੀ ਕੀ ਕੀਤਾ? ਕਿੱਥੇ ਕਿੱਥੇ ਗਏ? ਆਦਿ ਗੱਲਾਂ ਗੱਲਾਂ ਵਿਚ, ਸਾਰਾ ਕੁਝ ਪੁੱਛ ਲਿਆ। ਜਦੋਂ ਮੈਂ ਕਿਹਾ ਕਿ ਮੈਂ ਕੁਝ ਤੁਹਾਡੇ ਬਾਰੇ ਲਿਖਣਾ ਚਾਹੁੰਦਾ ਹਾਂ ਤਾਂ ਉਹਨਾਂ ਦੱਸਣ ਤੋਂ ਮੈਨੂੰ ਜਵਾਬ ਦੇ ਦਿੱਤਾ ਸੀ। ਕੁਝ ਕੁ ਮੈਂ ਉਹਨਾਂ ਦੀਆਂ ਕਿਤਾਬਾਂ ਵਿੱਚੋਂ ਵੀ ਜਾਣਕਾਰੀ ਪ੍ਰਾਪਤ ਕੀਤੀ ਹੈ।

ਧੰਨ ਹਨ ਇਹੋ ਜਿਹੀਆਂ ਸ਼ਖਸ਼ੀਅਤਾਂ, ਜਿਨ੍ਹਾਂ ਨੂੰ ਸਦਾ ਯਾਦ ਰੱਖਣਾ ਅਤੇ ਇਹਨਾਂ ਦੇ ਕਦਮ ਚਿੰਨ੍ਹਾਂ 'ਤੇ ਸਾਨੂੰ ਸਾਰਿਆਂ ਨੂੰ ਚੱਲਣਾ ਚਾਹੀਦਾ ਹੈ, ਜਿਹੜੇ ਕਿ ਬਹੁਤ ਹੀ ਵਧੀਆ ਅਤੇ ਖਾਸ ਹੋਣ ਦੇ ਬਾਵਜੂਦ ਛਿਪੇ ਰਹਿਣ ਦੀ ਤਮੰਨਾ ਰਖਦੇ ਹਨ।

# ਕਿਸ਼ੋਰ ਸਿੱਖਿਆ ਵਿੱਚ ਭਾਵਨਾਤਮਕ ਬੁੱਧੀ ਦੀ ਮਹੱਤਵਪੂਰਨ ਭੂਮਿਕਾ

ਵਿਜੈ ਗਰਗ

(ਭਾਵਨਾਤਮਕ ਬੁੱਧੀ ਕਿਸ਼ੋਰਾਂ ਲਈ ਅਕਾਦਮਿਕ ਪ੍ਰਦਰਸ਼ਨ ਅਤੇ ਸਿੱਖਣ ਦੇ ਨਤੀਜਿਆਂ ਨੂੰ ਆਕਾਰ ਦੇਣ ਵਿੱਚ ਇੱਕ ਪ੍ਰਮੁੱਖ ਕਾਰਕ ਵਜੋਂ ਉਭਰਿਆ ਹੈ)

ਕਿਸ਼ੋਰ ਉਮਰ ਵਿਕਾਸ ਦੇ ਇੱਕ ਮਹੱਤਵਪੂਰਨ ਪੜਾਅ ਹੁੰਦੇ ਹਨ ਜਿੱਥੇ ਵਿਸ਼ਵਾਸ ਅਤੇ ਜੀਵਨ ਦੇ ਹੁਨਰ ਬਣਦੇ ਹਨ, ਇੱਕ ਬੱਚੇ ਦੇ ਭਵਿੱਖ ਲਈ ਚਾਲ ਤੈਅ ਕਰਦੇ ਹਨ। ਇਸ ਸਮੇਂ ਦੌਰਾਨ ਭਾਵਨਾਤਮਕ ਬੁੱਧੀ ਦਾ ਵਿਕਾਸ ਕਰਨਾ ਇੱਕ ਖੁਸ਼ਹਾਲ ਅਤੇ ਸਫਲ ਜੀਵਨ ਦੀ ਨੀਂਹ ਰੱਖਦਾ ਹੈ। ਸਿੱਖਿਆ ਦੇ ਨਿਰੰਤਰ ਵਿਕਾਸਸ਼ੀਲ ਲੈਂਡਸਕੇਪ ਵਿੱਚ, ਭਾਵਨਾਤਮਕ ਬੁੱਧੀ ਕਿਸ਼ੋਰਾਂ ਲਈ ਅਕਾਦਮਿਕ ਪ੍ਰਦਰਸ਼ਨ ਅਤੇ ਸਿੱਖਣ ਦੇ ਨਤੀਜਿਆਂ ਨੂੰ ਆਕਾਰ ਦੇਣ ਵਿੱਚ ਇੱਕ ਪ੍ਰਮੁੱਖ ਕਾਰਕ ਵਜੋਂ ਉਭਰਿਆ ਹੈ। ਜਿਵੇਂ ਕਿ ਕਿਸ਼ੋਰ ਆਪਣੇ ਸ਼ੁਰੂਆਤੀ ਸਾਲਾਂ ਦੀਆਂ ਜਟਿਲਤਾਵਾਂ ਨੂੰ ਨੈਵੀਗੇਟ ਕਰਦੇ ਹਨ, ਭਾਵਨਾਵਾਂ ਨੂੰ ਸਮਝਣ ਅਤੇ ਪ੍ਰਬੰਧਨ ਕਰਨ ਦੀ ਯੋਗਤਾ ਉਹਨਾਂ ਦੇ ਸਮੁੱਚੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇੱਥੇ, ਅਸੀਂ ਪੜਚੋਲ ਕਰਾਂਗੇ ਕਿ ਕਿਵੇਂ ਭਾਵਨਾਤਮਕ ਬੁੱਧੀ ਅਕਾਦਮਿਕ ਸਫਲਤਾ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਕਿਸ਼ੋਰਾਂ ਵਿੱਚ ਈਆਈ ਨੂੰ ਉਤਸ਼ਾਹਿਤ ਕਰਨ ਲਈ ਸਮਝ ਪ੍ਰਦਾਨ ਕਰਦੀ ਹੈ। ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ "ਇਸ ਪੜਾਅ 'ਤੇ ਭਾਵਨਾਤਮਕ ਬੁੱਧੀ ਦੇ ਵਿਕਾਸ ਦਾ ਮਤਲਬ ਹੈ ਕਿ ਤੁਸੀਂ ਇੱਕ ਖੁਸ਼ਹਾਲ ਅਤੇ ਸਫਲ ਜੀਵਨ ਦੀ ਨੀਂਹ ਰੱਖ ਰਹੇ ਹੋ." ਭਾਵਨਾਤਮਕ ਬੁੱਧੀ ਨੂੰ ਸਮਝਣਾ ਕਿਸ਼ੋਰ ਉਮਰ ਵਿਕਾਸ ਦੇ ਇੱਕ ਮਹੱਤਵਪੂਰਨ ਪੜਾਅ ਹੁੰਦੇ ਹਨ ਜਿੱਥੇ ਵਿਸ਼ਵਾਸ ਅਤੇ ਜੀਵਨ ਦੇ ਹੁਨਰ ਬਣਦੇ ਹਨ, ਇੱਕ ਬੱਚੇ ਦੇ ਭਵਿੱਖ ਲਈ ਚਾਲ ਤੈਅ ਕਰਦੇ ਹਨ। ਇਸ ਸਮੇਂ ਦੌਰਾਨ ਭਾਵਨਾਤਮਕ ਬੁੱਧੀ ਦਾ ਵਿਕਾਸ ਕਰਨਾ ਇੱਕ ਖੁਸ਼ਹਾਲ ਅਤੇ ਸਫਲ ਜੀਵਨ ਦੀ ਨੀਂਹ ਰੱਖਦਾ ਹੈ। "ਇਸ ਪੜਾਅ 'ਤੇ ਭਾਵਨਾਤਮਕ ਬੁੱਧੀ ਦੇ ਵਿਕਾਸ ਦਾ ਮਤਲਬ ਹੈ ਕਿ ਤੁਸੀਂ ਇੱਕ ਖੁਸ਼ਹਾਲ ਅਤੇ ਸਫਲ ਜੀਵਨ ਦੀ ਨੀਂਹ ਰੱਖ ਰਹੇ ਹੋ." ਖੋਜ ਦਰਸਾਉਂਦੀ ਹੈ ਕਿ ਭਾਵਨਾਤਮਕ ਬੁੱਧੀ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਅਕਾਦਮਿਕ ਪ੍ਰਦਰਸ਼ਨ ਅਤੇ ਸਿੱਖਣ ਦੇ ਨਤੀਜਿਆਂ ਦੋਵਾਂ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਤ ਕਰਦੀ ਹੈ। ਉੱਚ ਈਆਈ ਵਾਲੇ ਕਿਸ਼ੋਰ ਭਾਵਨਾਵਾਂ ਦਾ ਪ੍ਰਬੰਧਨ ਕਰਨ, ਰਿਸ਼ਤੇ ਬਣਾਉਣ, ਅਤੇ ਸਮਾਜਿਕ ਗੁੰਝਲਾਂ ਨੂੰ ਨੈਵੀਗੇਟ ਕਰਨ ਲਈ ਬਿਹਤਰ ਢੰਗ ਨਾਲ ਲੈਸ ਹੁੰਦੇ ਹਨ। ਇਹ ਯੋਗਤਾ ਉਹਨਾਂ ਦੀ ਪੜ੍ਹਾਈ ਵਿੱਚ ਸੁਧਾਰੀ ਇਕਾਗਰਤਾ ਅਤੇ ਪ੍ਰੇਰਣਾ ਵਿੱਚ ਅਨੁਵਾਦ ਕਰਦੀ ਹੈ। ਇਸ ਤੋਂ ਇਲਾਵਾ, ਭਾਵਨਾਤਮਕ ਤੌਰ 'ਤੇ ਬੁੱਧੀਮਾਨ ਵਿਦਿਆਰਥੀ ਯਥਾਰਥਵਾਦੀ ਟੀਚਿਆਂ ਨੂੰ ਨਿਰਧਾਰਤ ਕਰਨ, ਚੁਣੌਤੀਆਂ ਪ੍ਰਤੀ ਸਕਾਰਾਤਮਕ ਰਵੱਈਆ ਬਣਾਈ ਰੱਖਣ, ਅਤੇ ਪ੍ਰਭਾਵਸ਼ਾਲੀ ਸਮੱਸਿਆ-ਹੱਲ ਕਰਨ ਦੀਆਂ ਰਣਨੀਤੀਆਂ ਦੀ ਵਰਤੋਂ ਕਰਨ ਵਿੱਚ ਵਧੇਰੇ ਮਾਹਰ ਹੁੰਦੇ ਹਨ। ਭਾਵਨਾਤਮਕ ਬੁੱਧੀ ਦੇ ਵਿਕਾਸ ਵਿੱਚ ਚੁਣੌਤੀਆਂ ਹਾਲਾਂਕਿ, ਕਿਸ਼ੋਰਾਂ ਨੂੰ ਭਾਵਨਾਤਮਕ ਬੁੱਧੀ ਵਿਕਸਿਤ ਕਰਨ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। "ਕਿਸ਼ੋਰ ਹੋਣਾ ਇੱਕ ਤੂਫ਼ਾਨ ਵਿੱਚ ਫਸਣ ਵਰਗਾ ਹੈ," ਕਿਸ਼ੋਰ ਅਵਸਥਾ ਦੇ ਤੀਬਰ ਭਾਵਨਾਤਮਕ ਉਤਰਾਅ-ਚੜ੍ਹਾਅ ਨੂੰ ਉਜਾਗਰ ਕਰਦੇ ਹੋਏ, ਵਿਆਖਿਆ ਕਰਦਾ ਹੈ। ਹਾਰਮੋਨਲ ਤਬਦੀਲੀਆਂ, ਪੀਅਰ ਅਤੇ ਮਾਪਿਆਂ ਦਾ ਦਬਾਅ, ਅਤੇ ਸਮਾਜਿਕ ਸਵੀਕ੍ਰਿਤੀ ਦੀ ਇੱਛਾ ਸਵੈ-ਜਾਗਰੂਕਤਾ ਅਤੇ ਪ੍ਰਮਾਣਿਕਤਾ ਵਿੱਚ ਰੁਕਾਵਟ ਬਣ ਸਕਦੀ ਹੈ। ਇਸ ਤੋਂ ਇਲਾਵਾ, ਡਿਜ਼ੀਟਲ ਮੀਡੀਆ ਦਾ ਪ੍ਰਭਾਵ, ਸਾਈਬਰ ਧੱਕੇਸ਼ਾਹੀ ਅਤੇ ਜੀਵਨ ਦੇ ਗੈਰ-ਯਥਾਰਥਵਾਦੀ ਚਿੱਤਰਣ ਦੀ ਸੰਭਾਵਨਾ ਦੇ ਨਾਲ, ਹਮਦਰਦੀ ਅਤੇ ਸਿਹਤਮੰਦ ਅੰਤਰ-ਵਿਅਕਤੀਗਤ ਹੁਨਰ ਦੇ ਵਿਕਾਸ ਵਿੱਚ ਰੁਕਾਵਟ ਪਾ ਸਕਦਾ ਹੈ। ਸਿੱਖਿਅਕਾਂ ਦੀ ਭੂਮਿਕਾ ਕਿਸ਼ੋਰਾਂ ਵਿੱਚ ਭਾਵਨਾਤਮਕ ਬੁੱਧੀ ਨੂੰ ਉਤਸ਼ਾਹਿਤ ਕਰਨ ਵਿੱਚ ਸਿੱਖਿਅਕ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਸਮਾਜਿਕ-ਭਾਵਨਾਤਮਕ ਸਿਖਲਾਈ ਪ੍ਰੋਗਰਾਮਾਂ ਨੂੰ ਪਾਠਕ੍ਰਮ ਵਿੱਚ ਸ਼ਾਮਲ ਕਰ ਸਕਦੇ ਹਨ, ਸਿਖਾਉਣ ਦੇ ਹੁਨਰ ਜਿਵੇਂ ਕਿ ਸਵੈ-ਜਾਗਰੂਕਤਾ, ਸਵੈ-ਨਿਯਮ, ਟੀਚਾ ਨਿਰਧਾਰਨ, ਲਚਕੀਲਾਪਣ, ਸਮੱਸਿਆ-ਹੱਲ ਕਰਨਾ, ਅਤੇ ਪ੍ਰਭਾਵਸ਼ਾਲੀ ਸੰਚਾਰ। ਇੱਕ ਸਹਾਇਕ ਕਲਾਸਰੂਮ ਵਾਤਾਵਰਨ ਬਣਾਉਣਾ ਜਿੱਥੇ ਵਿਦਿਆਰਥੀ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਅਤੇ ਆਪਣੇ ਅਨੁਭਵ ਸਾਂਝੇ ਕਰਨ ਲਈ ਸੁਰੱਖਿਅਤ ਮਹਿਸੂਸ ਕਰਦੇ ਹਨ। ਭਾਵਨਾਤਮਕ ਤੌਰ 'ਤੇ ਬੁੱਧੀਮਾਨ ਵਿਵਹਾਰ ਨੂੰ ਮਾਡਲਿੰਗ ਕਰਨ ਵਾਲੇ ਸਿੱਖਿਅਕਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ, ਇਹ ਦਰਸਾਉਂਦਾ ਹੈ ਕਿ ਵਿਵਾਦਾਂ ਅਤੇ ਤਣਾਅ ਨੂੰ ਰਚਨ-ਾਤਮਕ ਢੰਗ ਨਾਲ ਕਿਵੇਂ ਨਜਿੱਠਣਾ ਹੈ। ਸਮੂਹ ਗਤੀਵਿਧੀਆਂ ਅਤੇ ਸਹਿਯੋਗੀ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨਾ ਵਿਦਿਆਰਥੀਆਂ ਨੂੰ ਅੰਤਰ-ਵਿਅਕਤੀਗਤ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਪ੍ਰਤੀਬਿੰਬ ਅਤੇ ਮਾਨਸਿਕਤਾ ਦੇ ਅਭਿਆਸਾਂ ਲਈ ਮੌਕੇ ਪ੍ਰਦਾਨ ਕਰਨਾ ਭਾਵਨਾਤਮਕ ਨਿਯਮ ਅਤੇ ਸਵੈ-ਜਾਗਰੂਕਤਾ ਨੂੰ ਵਧਾ ਸਕਦਾ ਹੈ, ਇੱਕ ਚੰਗੀ ਤਰ੍ਹਾਂ ਭਰੀ ਭਾਵਨਾਤਮਕ ਬੁੱਧੀ ਨੂੰ ਵਧਾ ਸਕਦਾ ਹੈ।ਵਿਕਾਸ ਮਾਪਿਆਂ ਅਤੇ ਸਿੱਖਿਅਕਾਂ ਵਿਚਕਾਰ ਸਹਿਯੋਗ ਮਾਪਿਆਂ ਅਤੇ ਸਿੱਖਿਅਕਾਂ ਨੂੰ ਕਿਸ਼ੋਰਾਂ ਵਿੱਚ ਇੱਕ ਵਿਕਾਸ ਮਾਨਸਿਕਤਾ ਪੈਦਾ ਕਰਨ ਲਈ ਸਹਿਯੋਗ ਕਰਨਾ ਚਾਹੀਦਾ ਹੈ। ਕੋਸ਼ਿਸ਼, ਲਗਨ, ਅਤੇ ਲਚਕੀਲੇਪਣ ਦਾ ਨਿਰੰਤਰ ਉਤਸ਼ਾਹ ਕੁੰਜੀ ਹੈ. ਮਾਪੇ ਚੁਣੌਤੀਆਂ ਨੂੰ ਅਪਣਾ ਕੇ ਅਤੇ ਗਲਤੀਆਂ ਤੋਂ ਸਿੱਖ ਕੇ, ਇੱਕ ਅਜਿਹੇ ਮਾਹੌਲ ਨੂੰ ਉਤਸ਼ਾਹਿਤ ਕਰਨ ਦੁਆਰਾ ਇੱਕ ਵਿਕਾਸ ਮਾਨਸਿਕਤਾ ਦਾ ਮਾਡਲ ਬਣਾ ਸਕਦੇ ਹਨ ਜੋ ਸੰਪੂਰਨਤਾ ਨਾਲੋਂ ਸੁਧਾਰ ਦੀ ਕਦਰ ਕਰਦਾ ਹੈ। ਸਿੱਖਿਅਕ ਵਿਕਾਸ ਮਾਨਸਿਕਤਾ ਦੇ ਸਿਧਾਂਤਾਂ ਨੂੰ ਆਪਣੀ ਸਿੱਖਿਆ ਵਿੱਚ ਜੋੜ ਸਕਦੇ ਹਨ, ਰਚਨਾਤਮਕ ਫੀਡਬੈਕ ਪ੍ਰਦਾਨ ਕਰ ਸਕਦੇ ਹਨ ਅਤੇ ਤਰੱਕੀ ਦਾ ਜਸ਼ਨ ਮਨਾ ਸਕਦੇ ਹਨ। ਪ੍ਰਭਾਵੀ ਸਹਿਯੋਗ ਵਿੱਚ ਮਾਤਾ-ਪਿਤਾ ਅਤੇ ਸਿੱਖਿਅਕਾਂ ਵਿਚਕਾਰ ਨਿਯਮਤ ਸੰਚਾਰ ਸ਼ਾਮਲ ਹੁੰਦਾ ਹੈ ਤਾਂ ਜੋ ਰਣਨੀਤੀਆਂ ਨੂੰ ਇਕਸਾਰ ਕੀਤਾ ਜਾ ਸਕੇ ਅਤੇ ਘਰ ਅਤੇ ਸਕੂਲ ਦੋਵਾਂ ਵਿੱਚ ਵਿਕਾਸ-ਮੁਖੀ ਸੱਭਿਆਚਾਰ ਨੂੰ ਮਜ਼ਬੂਤ ਕੀਤਾ ਜਾ ਸਕੇ। ਵਿਕਾਸ ਮਾਨਸਿਕਤਾ ਦੇ ਸਿਧਾਂਤਾਂ 'ਤੇ ਕੇਂਦ੍ਰਿਤ ਵਰਕਸ਼ਾਪਾਂ ਅਤੇ ਮੀਟਿੰਗਾਂ ਇਸ ਭਾਈਵਾਲੀ ਨੂੰ ਵਧਾ ਸਕਦੀਆਂ ਹਨ, ਕਿਸ਼ੋਰਾਂ ਲਈ ਨਿਰੰਤਰ ਸਮਰਥਨ ਅਤੇ ਉਤਸ਼ਾਹ ਨੂੰ ਯਕੀਨੀ ਬਣਾਉਂਦੀਆਂ ਹਨ। ਵੱਡੀ ਤਸਵੀਰ ਅੰਤ ਵਿੱਚ, ਇੱਕ ਸੰਪੂਰਨ ਸਿੱਖਿਆ ਪ੍ਰਣਾਲੀ ਬਣਾਉਣ ਲਈ ਪਾਠਕ੍ਰਮ ਵਿੱਚ ਸਮਾਜਿਕ-ਭਾਵਨਾਤਮਕ ਹੁਨਰਾਂ ਨੂੰ ਸ਼ਾਮਲ ਕਰਨ ਦੀ ਮਹੱਤਤਾ। "ਸਿੱਖਿਆ ਉਦੋਂ ਹੀ ਸੰਪੂਰਨ ਹੋਵੇਗੀ ਜਦੋਂ ਅਸੀਂ ਸਮਾਜਿਕ-ਭਾਵਨਾਤਮਕ ਹੁਨਰ ਵਿਕਾਸ ਨੂੰ ਵੀ ਮਹੱਤਵ ਦੇਣਾ ਸ਼ੁਰੂ ਕਰਾਂਗੇ," ਉਹ ਜ਼ੋਰ ਦੇ ਕੇ ਕਹਿੰਦੀ ਹੈ। ਭਾਵਨਾਤਮਕ ਬੁੱਧੀ ਨੂੰ ਉਤਸ਼ਾਹਿਤ ਕਰਕੇ, ਅਸੀਂ ਕਿਸ਼ੋਰਾਂ ਨੂੰ ਉਹਨਾਂ ਸਾਧਨਾਂ ਨਾਲ ਲੈਸ ਕਰ ਸਕਦੇ ਹਾਂ ਜਿਨ੍ਹਾਂ ਦੀ ਉਹਨਾਂ ਨੂੰ ਅਕਾਦਮਿਕ ਅਤੇ ਜੀਵਨ ਵਿੱਚ ਸਫਲ ਹੋਣ ਲਈ ਲੋੜ ਹੁੰਦੀ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ






LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES



The Mortgage Centre
We work for you, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www BramptonTopRealtor.com www BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH



1500-2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜ਼ਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE



2000-2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION



900-999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ-
Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500-2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage
Off: 905-456-3232
Call JAG AUJLA MCNE, REAL ESTATE BROKER DIR: 416-371-7777
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN
International
CIRCUS
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA